ੴ

ਸਭ ਤੇ ਵੱਡਾ

ਸਤਿਗੁਰੂ ਨਾਨਕ

ਕ੍ਰਿਤ :

ਗਿਆਨੀ ਗੁਰਚਰਨ ਸਿੰਘ ਅਨੰਦਪੁਰੀ

ਐਮ. ਏ. (ਪੰਜਾਬੀ ਅਤੇ ਧਰਮ)

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

ਸਤਿਗੁਰੂ ਨਾਨਕ ਵੱਡੇ ਕਿਉਂ ?

ਗੁਰੂ ਨਾਨਕ ਦੇਵ ਜੀ ਦੀ ਵਡਿਆਈ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਉਚਾਰੇ ਹਨ—

"ਸਭ ਤੇ ਵਡਾ ਸਤਿਗੁਰੁ ਨਾਨਕੁ, ਜਿਨਿ ਕਲ ਰਾਖੀ ਮੇਰੀ ॥"

ਭਾਈ ਗੁਰਦਾਸ ਜੀ ਨੇ ਸਿੱਧ ਮੰਡਲੀ ਤੋਂ ਇਹ ਬਚਨ ਅਖਵਾਏ ਹਨ।

"ਵਡਾ ਪੁਰਖੁ ਪ੍ਰਗਟਿਆ, ਕਲਿਜੁਗਿ ਅੰਦੋਰਿ ਜੋਤਿ ਜਗਾਈ ॥"

ਅਸਾਨੂੰ ਜਾਨਣ ਦੀ ਲੋੜ ਹੈ ਕਿ ਕਿਹੜੇ ਗੁਣਾਂ ਕਰਕੇ ਸਤਿਗੁਰੂ ਨਾਨਕ ਦੇਵ ਜੀ ਸਭ ਤੋਂ ਵੱਡੇ ਹਨ।

ਗੁਰੂ ਨਾਨਕ ਜੀ ਸਭ ਤੋਂ ਵੱਡੇ ਹਨ ਕਿਉਂਕਿ ਉਨ੍ਹਾਂ ਸਾਰੀ ਉਮਰ ਪਾਰਬ੍ਰਹਮ ਨੂੰ ਧਿਆਇਆ ਅਤੇ ਹੋਰ ਲੋਕਾਂ ਨੂੰ ਉਸ ਦੇ ਲੜ ਲਾਇਆ। ਗੁਰੂ ਨਾਨਕ ਦੇਵ ਜੀ ਦਾ ਇਹੋ ਬੋਲ "ਧੰਨ ਨਿਰੰਕਾਰ, ਨਾਨਕ ਬੰਦਾ ਤੇਰਾ" ਉਨ੍ਹਾਂ ਦੀ ਵਡਿਤੱਣ ਜ਼ਾਹਰ ਕਰਦਾ ਹੈ। ਗੁਰੂ ਨਾਨਕ ਜੀ ਪ੍ਰਚਾਰ ਫੇਰੀਆਂ ਸਮੇਂ ਬਾਦਸ਼ਾਹਾਂ ਤੇ ਫਕੀਰਾਂ ਨੂੰ, ਰਾਜਿਆਂ ਤੇ ਰੰਕਾਂ ਨੂੰ, ਅਮੀਰਾਂ ਤੇ ਗਰੀਬਾਂ ਨੂੰ, ਪੀਰਾਂ ਤੇ ਮੁਰੀਦਾਂ ਨੂੰ, ਪੰਡਤਾਂ ਤੇ ਮੌਲਵੀਆਂ ਨੂੰ, ਜੋਗੀਆਂ ਤੇ ਸਿਧਾਂ ਨੂੰ, ਸੰਨਿਆਸੀਆਂ ਤੇ ਤਿਆਗੀਆਂ ਨੂੰ ਮਿਲਦੇ ਰਹੇ। ਉਨ੍ਹਾਂ ਹਰ ਪ੍ਰਾਣੀ ਨੂੰ ਪਰਮੇਸ਼ਰ ਦੇ ਸੇਵਕ ਬਣਾਇਆ। ਗੁਰੂ ਨਾਨਕ ਅਨੁਸਾਰ ਜਦ ਵਾਹਿਗੁਰੂ ਹੀ ਅਜਿਹੀ ਹਸਤੀ ਹੈ ਜੋ ਸਦਾ ਸਤਿ ਹੈ, ਆਦਿ ਮਧ ਅੰਤ ਵਿਚ ਪੂਰਨ ਹੈ ਤਾਂ ਕਿਉਂ ਨਾਂ ਉਸੇ ਨੂੰ ਧਿਆਕੇ ਜੀਵਨ ਯਾਤਰਾ ਸਫਲ ਕੀਤੀ ਜਾਵੇ ਉਹ ਬਾਰ ਬਾਰ ਗਾਉਂਦੇ ਰਹੇ—

"ਸਾਹਿਬੁ ਮੇਰਾ ਏਕੋ ਹੈ, ਏਕੋ ਹੈ ਭਾਈ ਏਕੋ ਹੈ ॥"

ਗੁਰੂ ਨਾਨਕ ਜੀ ਏਸੇ ਲਈ ਵੱਡੇ ਹਨ ਕਿ ਉਨਾਂ ਮਨੁੱਖਤਾ ਨੂੰ ਰਚਨਾਂ ਵਿਚ ਰਹਿ ਕੇ ਰਚਨਹਾਰ ਨਾਲ ਜੋੜਿਆ। ਬਹੁਤੀ ਧਾਰਮਕ ਦੁਨੀਆ ਘਰ ਬਾਹਰ ਛੱਡ ਕੇ, ਸੱਚੇ ਅਨੰਦ ਨੂੰ ਲਭਦੀ ਫਿਰਦੀ ਹੈ। ਪਰ ਗੁਰੂ ਨਾਨਕ ਜੀ ਸਮਝਾਇਆ ਕਿ ਇਹ ਸੰਸਾਰ ਸੱਚੇ ਰੱਬ ਦਾ ਹੀ ਬਣਾਇਆ ਹੋਇਆ ਹੈ। ਇਸ ਵਿਚ ਰਹਿਕੇ ਇਸ ਨੂੰ ਸੋਹਣਾ ਬਣਾਉਣਾ ਅਤੇ ਬਣਾਉਣ ਵਾਲੇ ਦੀ ਯਾਦ ਵਿਚੋਂ ਅਨੰਦ ਲੈਣਾ ਹੀ ਬਹਾਦਰੀ ਹੈ। ਉਨ੍ਹਾਂ ਭਾਈ ਲਾਲੋ ਨੂੰ ਕਿਹਾ ਤੂੰ ਬੜਾ ਚੰਗਾ ਏਂ ਜੋ ਕਿਰਤ ਕਰਕੇ ਪਰਵਾਰ ਪਾਲਦਾ ਏਂ। ਆਉ ਸੱਚੀ ਬਾਣੀ ਗਾਕੇ, ਸੱਚੇ ਦੀ ਕੀਰਤ ਕਰਕੇ, ਉਸ ਦੀ ਯਾਦ ਵਿਚੋਂ ਅਨੰਦ ਲਈਏ।

ਗਲੀਂ ਬਾਤੀਂ ਰੱਬ ਨੂੰ ਯਾਦ ਕਰਕੇ ਜਾਂ ਇਕਾਂਤ-ਵਾਸੀ ਭਗਤ ਕਹਾਕੇ ਦੁਨੀਆਂ ਨੂੰ ਰੀਝਾਉਣਾ ਹੋਰ ਗਲ ਹੈ, ਪਰ ਸੱਚ ਮੁੱਚ ਸੱਚੇ ਨਾਮ ਵਿਚ ਰੱਤ ਕੇ, ਸੱਚੋ-ਸੱਚ ਸੁਣਾ ਸਕਣਾ ਬਿਲਕੁਲ ਵਖਰੀ ਅਵਸਥਾ ਹੈ। ਇਹ ਵਡਿਤੱਣ ਗੁਰੂ ਨਾਨਕ ਜੀ ਦੇ ਹਿੱਸੇ ਆਉਂਦੀ ਹੈ ਕਿ ਉਨ੍ਹਾਂ ਸੱਚ

Sri Satguru Jagjit Singh Ji Elibrary NamdhariElibrary@gmail.com

ਧਿਆਇਆ ਵੀ, ਸੱਚ ਕਮਾਇਆ ਵੀ ਅਤੇ ਸੱਚ ਸੁਣਾਇਆ ਵੀ। ਗੁਰੂ ਨਾਨਕ ਨੇ ਜ਼ਾਲਮ ਰਾਜਿਆਂ ਨੂੰ ਪਾਪੀ ਕਿਹਾ, ਪਖੰਡੀ ਜੋਗੀਆਂ ਨੂੰ ਅੰਧੇ ਕਿਹਾ, ਧਾਰਮਕ ਲੁਟੇਰਿਆਂ ਨੂੰ ਕਸਾਈ ਕਿਹਾ, ਸੱਚੇ ਕਿਰਤੀਆਂ ਨੂੰ ਭਾਈ ਕਿਹਾ। ਮੁਸਲਮਾਨਾਂ ਦੇ ਧਾਰਮਕ ਕੇਂਦਰ ਮੱਕੇ ਸ਼ਰੀਫ ਜਾ ਕੇ ਕਿਹਾ

"ਅਵਲ ਨਾਮ ਖੁਦਾਇ ਕਾ, ਕੇਤੇ ਨਬੀ ਰਸੂਲ ॥
ਨਾਨਕ ਨੀਯਤ ਰਾਸ ਕਰ, ਤਾਂ ਦਰਗਹਿ ਪਵਹਿ ਕਬੂਲ ॥"

ਸੋ ਸਿਆਣਿਆਂ ਦੀ ਮਤ ਹੈ ਕਿ ਜਿਉਂ ਜਿਉਂ ਕੋਈ ਮਨੁੱਖ ਵਡਿੱਤਣ ਦੀਆਂ ਪੌੜੀਆਂ ਚੜ੍ਹਦਾ ਹੈ ਤਿਉਂ ਤਿਉਂ ਹੀ ਮਿਠਾਸ ਤੇ ਨਿਮ੍ਰਤਾ ਦਾ ਧਾਰਨੀ ਹੁੰਦਾ ਜਾਂਦਾ ਹੈ। ਆਮ ਵਿਸ਼ਵਾਸ ਹੈ ਕਿ ਜਿਉਂ ਜਿਉਂ ਕਿਸੇ ਬਰਿੱਛ ਨੂੰ ਫਲ ਲਗਦੇ ਹਨ ਤਿਉਂ ਤਿਉਂ ਉਹ ਧਰਤੀ ਵਲ ਆਉਂਦਾ ਹੈ। ਮਹਾਨਤਾ ਦੀ ਇਹ ਕਸੱਵਟੀ ਗੁਰੂ ਨਾਨਕ ਦੇਵ ਜੀ ਨੂੰ ਸਭ ਤੋਂ ਵੱਡਾ ਰਹਿਬਰ ਬਣਾਉਂਦੀ ਹੈ। ਦਰਸ਼ਨ ਕਰਨ ਆਏ ਜੋਗੀਆਂ ਦੇ ਟੋਲੇ ਨੇ ਜਦ ਇਹ ਕਿਹਾ 'ਗੁਰੂ ਨਾਨਕ ਜੀ। ਹੁਣ ਤਾਂ ਤੁਹਾਡਾ ਨਾਮ ਸਭ ਲੋਕ ਜਾਣ ਗਏ ਹਨ। ਤਾਂ ਗੁਰੂ ਨਾਨਕ ਜੀ ਬੋਲੇ, 'ਅਜੇ ਵੀ ਮੇਰਾ ਕੋਈ ਨਾਮ ਜਾਣਦਾ ਹੈ ਜਦ ਅਸਾਂ ਸਾਰੀ ਉਮਰ ਸੱਚੇ ਰਬ ਦਾ ਨਾਮ ਜਪਾਇਆ ਹੈ। ਹਜ਼ਾਰਾਂ ਮੀਲ ਸਫਰ ਕਰਕੇ, ਹਜ਼ਾਰਾਂ ਜੀਵਾਂ ਨੂੰ ਠੀਕ ਰਸਤੇ ਤੋਰ ਕੇ, ਗੁਰੂ ਨਾਨਕ ਆਪਣੇ ਆਪ ਨੂੰ ਕੀਟ, ਨੀਚ ਅਤੇ ਦਾਸ ਕਹਿੰਦੇ ਸਨ।

ਸੰਸਾਰਕ ਪੱਖ ਤੋਂ ਮੱਨੁਖੀ ਵਡਿੱਤਣ ਅਨੇਕਾਂ ਮਾਪਾਂ ਨਾਲ ਤੋਲੀ ਜਾਂਦੀ ਹੈ, ਜਿਨ੍ਹਾਂ ਵਿਚੋਂ ਰਾਜਸੀ ਪੱਖ, ਸਮਾਜਕ ਪੱਖ, ਆਰਥਿਕ ਅਤੇ ਬੌਧਿਕ ਪੱਖ ਕੁਝ ਵਿਸ਼ੇਸ਼ ਹਨ। ਅਧਿਆਤਮ ਵਾਦੀਆਂ ਅਨੁਸਾਰ ਭਾਵੇਂ ਉਪ੍ਰੋਕਤ ਪੱਖ ਜੀਵਨ ਜੀਉਣ ਲਈ ਆਵਸ਼ਕ ਹਨ ਪਰ ਸਭ ਦੀ ਹੋਂਦ ਛਿਨ ਭੰਗਰੀ ਅਤੇ ਸਭ ਦੇ ਰੱਸ ਥੋੜ-ਚਿਰੇ ਹਨ। ਗੁਰਬਾਣੀ ਅਨੁਸਾਰ ਜਿਉਂ ਜਿਉਂ ਕੋਈ ਆਤਮ-ਜਗਿਆਸੂ ਪਾਰਬ੍ਰਹਮ ਪਰਮੇਸ਼ਰ ਦੇ ਗੁਣ ਗਾ ਕੇ ਆਤਮ-ਆਨੰਦ ਦੀਆਂ ਪਉੜੀਆਂ ਚੜ੍ਹਦਾ ਹੈ ਤਿਉਂ ਤਿਉਂ ਉਹ ਵੱਡੇ ਦੀ ਅਪਰ-ਅਪਾਰਤਾ ਦਾ ਭੇਦੀ ਹੋ ਕੇ ਆਪਣੀ ਨਿਗੁਣਤਾ ਅਨੁਭਵ ਕਰਦਾ ਹੈ ਅਜਿਹਾ ਅਨੁਭਵ ਹੀ ਗੁਰੂ ਨਾਨਕ ਸਾਹਿਬ ਨੇ ਸੋਦਰੁ ਦੀ ਪਉੜੀ ਵਿਚ ਰੂਪਮਾਨ ਕੀਤਾ ਹੈ ਜੋ ਉਨ੍ਹਾਂ ਨੂੰ ਵੱਡੇ ਤੋਂ ਵੱਡਾ ਅਧਿਆਤਮਵਾਦੀ ਦਰਸਾਉਂਦਾ ਹੈ। ਕੈਸਾ ਉਚੱਾ ਖਿਆਲ ਹੈ ਜਦੋਂ ਆਪ ਜੀ ਸਰਬ ਨੂੰ ਸੰਭਾਲਣ ਵਾਲੇ ਦਰ ਦੀ ਗਲ ਕਰਦੇ ਹਨ—

ਸੋ ਦਰੁ ਕੇਹਾ, ਸੋ ਘਰੁ ਕੇਹਾ। ਜਿਤੁ ਬਹਿ ਸਰਬ ਸਮਾਲੇ ॥
ਵਾਜੇ ਨਾਦ ਅਨੇਕ ਅਸੰਖਾ, ਕੇਤੇ ਵਾਵਣਹਾਰੇ ॥

ਕੈਸਾ ਉਚੱਾ ਅਨਭਵ ਹੈ ਜਦੋਂ ਕੁਝ ਲਾਈਨਾਂ ਵਿਚ ਹੀ ਅਨੇਕਾਂ ਗਾਵਣ ਹਾਰਿਆਂ ਦੀ ਤਸਵੀਰ ਖਿਚਦੇ ਹਨ—

ਗਾਵਹਿ ਤੁਹਨੋਂ ਪਉਣ ਪਾਣੀ ਬੈਸੰਤਰ, ਗਾਵੈ ਰਾਜਾ ਧਰਮ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ, ਲਿਖਿ ਲਿਖਿ ਧਰਮੁ ਵੀਚਾਰੇ ॥

Sri Satguru Jagjit Singh Ji Elibrary NamdhariElibrary@gmail.com

ਗਾਵਹਿ ਈਸਰੁ ਬਰਮਾ ਦੇਵੀ, ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇੰਦਾਸਣਿ ਬੈਠੇ, ਦੇਵਤਿਆਂ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ, ਗਾਵਨਿ ਸਾਧ ਵਿਚਾਰੇ ॥
ਗਾਵਨਿ ਜਤੀ ਸਤੀ ਸੰਤੋਖੀ, ਗਾਵਹਿ ਵੀਰ ਕਰਾਰੇ ॥
ਗਾਵਨਿ ਪੰਡਿਤ ਪੜਨਿ ਰਖੀਸ਼ਰ, ਜੁਗੁ ਜੁਗੁ ਵੇਦਾਂ ਨਾਲੇ ॥
ਗਾਵਹਿ ਮੋਹਣੀਆਂ ਮਨੁ ਮੋਹਨਿ, ਸੁਰਗਾ ਮਛ ਪਇਆਲੇ ॥

ਫਿਰ ਵਡਿਆਈ ਇਹ ਹੈ ਕਿ ਅਨੋਖੇ ਦਰ ਉਤੇ ਅਨੇਕਾਂ ਗਾਵਨਹਾਰਿਆਂ ਦੀ ਅਨੋਖੀ ਤਸਵੀਰ ਖਿਚ ਕੇ ਆਪਣੀ (ਨਿਗੁਣਤਾ) ਅਪੂਰਨਤਾ ਵਲ ਝਾਤ ਮਾਰਦੇ ਹਨ—

ਹੋਰਿ ਕੇਤੇ ਗਾਵਨਿ ਸੇ ਮੈਂ ਚਿਤਿ ਨ ਆਵਨਿ, ਨਾਨਕੁ ਕਿਆ ਵੀਚਾਰੇ ॥ ਪਰ ਅਖੀਰ ਵਿਚ 'ਸਦਾ ਸਚੁ ਸਾਹਿਬ' ਦੀ ਸਿਫਤ-ਸਲਾਹ ਜ਼ਰੂਰ ਵਿਚ ਲਿਆ ਕੇ ਆਪਣਾ ਆਪ 'ਨਾਨਕ ਰਹਣੁ ਰਜਾਈ' ਵਿਚ ਸਮੋ ਲੈਂਦੇ ਹਨ।

ਬਸ-ਇਹ ਡੂੰਘਾਂ ਅਤੇ ਸੱਚਾ, ਵਿਸ਼ਾਲ ਅਤੇ ਨਿਮਰ ਅਨੁਭਵ ਹੀ ਗੁਰੂ ਨਾਨਕ ਦੇਵ ਜੀ ਨੂੰ ਪਾਤਸ਼ਾਹਾਂ ਦਾ ਪਾਤਸ਼ਾਹ, ਵੱਡੇ ਤੋਂ ਵੱਡਾ ਰਹਿਬਰ ਬਣਾਉਂਦਾ ਹੈ।

ਭਾਈ ਨੰਦਲਾਲ ਜੀ ਨੇ ਠੀਕ ਕਿਹਾ ਹੈ—

ਜ਼ਿ ਪੇਸ਼ੀਨੀਆਂ ਪੇਸ਼ਤਰ ਆਮਦਹੁ ॥
ਬਕਦਰ ਅਜ਼ ਹਮਹ ਬੇਸ਼ਤਰ ਆਮਦਹੁ ॥

ਭਾਵ—ਜਿੰਨੇ ਵੀ ਪਹਿਲਾਂ ਪੀਰ ਅਵਤਾਰ ਆਏ, ਗੁਰੂ ਨਾਨਕ ਦੇਵ ਸਭ ਤੋਂ ਉੱਚੇ ਹੋਕੇ ਆਏ।

"Guru Nanak The Great" Why ?

While praising the greatness of Guru Nanak Dev ji, Guru Arjan Dev ji declared, that Guru Nanak was the greatest of all prophets who vindicated his spiritual strength. According to Bhai Gurdas, the siddh mandli also said that a greatman had appeared in the world who illuminated dark Kalyuga with the brilliance of his spirit.

We should know the virtues possessed by Guru Nanak which made him so great. Guru Nanak was great because he asked all people to worship

Sri Satguru Jagjit Singh Ji Elibrary NamdhariElibrary@gmail.com

only One God who is omnipresent and omnipotent.His slogan,"Praise be to Nirankar whose slave I am" is indicative of his gréatness.

During his missionary tours, he met kings and beggers, rulers and common people, rich and the poor, pirs and their followers, pandits and maulvis, Jogis and Siddhas. as well as sanyasis and recluses. He made every one of them a worshipper of one God. In Guru Nanak's view, When God alone is eternal truth and master of all-fulness-in the past, present and future, why should not all remember and concentrate on him and therby fulfil the life's goal. He repeatedly sang, "My Lord is one, hear you people, He alone is unequalled."

Guru Nanak is great because he wanted human beings to lead the life of house-holders and yet remain linked with God. Most religious people leave their homes and go outside in search of peace of mind. Guru Nanak taught that this world is God's own Creation as well as his abode. We have to live in it, derive happiness out of it and also remember its creator. There in lies wisdom and strength. He told Bhai Lalo, "You are blessed because you support your family with your honest earnings. Come, let us sing God's praises and seek solace through it."

To please the world by talking about God and posing as great Bhagats by remaining in seclusion are common practices adopted by deceitful people but to be first imbued with Divine knowledge and then spread the message of Truth, are different matters It lies to the credit of Guru Nanak that he not only concentrated on God's Name and received the Divine revelation but also he spared no effort to spread it far and wide among the people of different countries. He challenged the sinful rulers, called the hypocritical yogis as blind, religious dacoits as butchers and honest workers as brothers.

He went to Mecca Sharif of the Muslims and said, "God's Name is primordial and numerous are His Rasools or Messengers. Only those with good intentions, can enter the gate of heaven."

All wise men agree that the more a man rises in the ladder of greatness, the more sweet and humble he becomes, like the tree laden with ripe fruits. This criterion also justifies Guru Nanak's claim to be the greatest leader of men. He told the visiting yogies who praised him for the

Sri Satguru Jagjit Singh Ji Elibrary NamdhariElibrary@gmail.com

popularity of his name, "Does any one still knew my name when all the time I have been telling people to rember only God's Name." After travelling thousands of miles and after reforming thousands of people, Guru Nanak remained as humble as ever.

From worldly point of view, human greatness can be mainly in the spheres of po itical, social, economic and intellectual activities. For those, engaged in spiritual pursuits, all these activities are no doubt of necessary nature, but the greatness resulting from them is of short duration. And when a religious person gains enlightment, treading, step by step, the path of spiritual highness, he starts realising his own ineffectiveness. It is some such feelings which Guru Nanak has expressed in his Sodar pouri in which he has recalled numerous categories of those creatures who stand at the door of the bountiful Lord and sing His praises. He ends the pouri by expressing his own humility in not being able to recount the names of all His admirers. He submits himself to the Divine Will and seeks the Lord's mercy.

Bhai Nand Lal has rightly said that Guru Nanak surpassed all the Avatars who preceded him.

Sri Satguru Jagjit Singh Ji Elibrary NamdhariElibrary@gmail.com

ਸਤਿਗੁਰੂ, ਗਰੀਬ ਨਿਵਾਜ ਕਿਉਂ ?

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਸਤਿਗੁਰੂ ਜੀ ਦੀ ਵਡਿਆਈ ਕਰਦਿਆਂ ਫੁਰਮਾਇਆ ਹੈ :—

"ਸਤਿਗੁਰ ਸੱਚਾ ਪਾਤਸ਼ਾਹ, ਬੇਪਰਵਾਹ ਅਥਾਹ ਸੁਹਾਬਾ ।
ਨਾਉਂ ਗਰੀਬ ਨਿਵਾਜੁ ਹੈ, ਬੇਮੁਹਤਾਜ ਨ ਮੋਹ ਮੁਹਾਬਾ ।"

ਭਾਵ, ਸਤਿਗੁਰ ਜੀ ਬੇਪ੍ਰਵਾਹ ਸੁਭਾ ਦੇ ਮਾਲਕ ਹੋਣ ਕਰਕੇ ਸੱਚੇ ਪਾਤਸ਼ਾਹ ਅਖਵਾਉਂਦੇ ਹਨ । ਸੰਸਾਰਕ ਮੋਹ ਅਤੇ ਮੁਹਥਾਜੀ ਤੋਂ ਮੁਕਤ ਹੋਣ ਕਰਕੇ ਗਰੀਬਾਂ ਦੇ ਹਿਤੈਸ਼ੀ ਜਾਣੇ ਜਾਂਦੇ ਹਨ ।

ਸਤਿਗੁਰੂ ਜੀ ਨੂੰ ਗਰੀਬਾਂ ਦਾ ਸਾਥੀ ਕਿਹਾ ਜਾਂਦਾ ਹੈ, ਅਮੀਰਾਂ ਦਾ ਨਹੀਂ । ਕਿਉਂਕਿ ਦੁਨੀਆਂ ਵਿਚ ਗਰੀਬ ਬਹੁਤੇ ਹਨ ਅਤੇ ਬਹੁਤੇ ਮਨੁੱਖ ਏਸੇ ਲਈ ਗਰੀਬ ਹਨ ਕਿਉਂਕਿ ਥੋੜ੍ਹੇ ਅਮੀਰਾਂ ਨੇ ਹੇਰਾ-ਫੇਰੀ ਨਾਲ ਦੁਨੀਆਂ ਦੇ ਧਨ-ਪਦਾਰਥ ਨੂੰ ਹਥਿਆ ਲਿਆ ਹੈ । ਕੁਝ ਗਿਣਤੀ ਦੇ ਬੰਦਿਆਂ ਦੀ ਕਪਟ-ਨੀਤੀ ਕਰਕੇ, ਬਹੁਤੇ ਗਰੀਬ ਰੋਜ਼ਾਨਾ ਲੋੜਾਂ ਦੀ ਅਣਹੋਂਦ ਜਾਂ ਘਾਟ ਕਰਕੇ ਦੁਖੀ ਹਨ ਅਤੇ ਥੋੜੇ ਅਮੀਰ ਪਦਾਰਥਾਂ ਦੀ ਬਹੁਤਾਤ ਕਰਕੇ ਚਿੰਤਾਤੁਰ ਹਨ । ਕਿਉਂਕਿ ਸੱਚੀ ਖੁਸ਼ੀ ਦਾ ਭੇਦ ਸਾਵੇਂ-ਪੱਧਰੇ ਜੀਵਨ ਵਿਚ ਹੈ, ਏਸ ਲਈ ਗਰੀਬਾਂ ਨੂੰ ਉੱਚੇ ਕਰਨ ਲਈ ਸਤਿਗੁਰੂ ਜੀ ਗਰੀਬਾਂ ਦਾ ਪੱਖ ਪੂਰਦੇ ਹਨ ।

'ਪਾਪਾਂ ਬਾਝੋਂ ਹੋਵੈ ਨਾਹੀ' ਦੇ ਸਿਧਾਂਤ ਅਨੁਸਾਰ ਮਨੁੱਖ ਹੇਰਾ-ਫੇਰੀ ਬਿਨਾਂ ਅਮੀਰ ਹੋ ਨਹੀਂ ਸਕਦਾ ਅਤੇ ਸਤਿਗੁਰੂ ਜੀ ਹੇਰਾ-ਫੇਰੀ ਕਰਨ ਵਾਲੇ ਦਾ ਸਾਥ ਦੇ ਨਹੀਂ ਸਕਦੇ, ਏਸ ਲਈ ਗੁਰੂ ਨਾਨਕ ਦੇਵ ਜੀ ਨੇ ਭਾਈ ਲਾਲੋ ਦੇ ਭੋਜਨ ਨੂੰ ਦੁੱਧ ਸਮਾਨ ਕਿਹਾ ਅਤੇ ਮਲਕ-ਭਾਗੋ ਦੇ ਬਣਾਏ ਖਾਜ-ਪਦਾਰਥਾਂ ਨੂੰ ਲਹੂ ਸਮਾਨ ਕਿਹਾ । ਗੁਰੂ ਨਾਨਕ ਅਨੁਸਾਰ ਦੋਹਾਂ ਦੇ ਕ੍ਰਿਤ-ਢੰਗ ਅਤੇ ਸੋਚਣ-ਢੰਗ ਦੇ ਅੰਤਰ ਨੇ ਹੀ ਦੋਹਾਂ ਨੂੰ ਵਿਰੋਧੀ-ਪੋਲ ਬਣਾ ਦਿਤਾ ਹੈ ਜੋ ਸਮਾਜ ਦੇ ਸਭ ਦੁੱਖਾਂ ਦਾ ਮੂਲ ਹੈ ।

ਅਮੀਰ ਮਨੁੱਖ ਮਾਇਆ ਦੀ ਬਹੁਤਾਤ ਕਰਕੇ ਹਉਮੈ, ਸੁਆਰਥ ਅਤੇ ਝੂਠੀ ਵਡਿਆਈ ਜਿਹੇ ਔਗਣਾਂ ਦਾ ਸੋਮਾਂ ਬਣ ਜਾਂਦਾ ਹੈ, ਜੋ ਚੰਗਾ ਮਨੁੱਖ ਬਣਨ ਦੇ ਰਸਤੇ ਵਿਚ ਰੁਕਾਵਟ ਹਨ । ਜਦ ਸਤਿਗੁਰੂ ਜੀ ਦਾ ਜੀਵਨ ਉਦੇਸ਼ ਹਰ ਇਨਸਾਨ ਨੂੰ ਰੱਬੀ ਨਾਮ ਨਾਲ ਜੋੜ ਕੇ ਰੱਬ ਵਰਗੇ ਬਣਾਉਣਾ ਹੈ ਤਾਂ ਸਤਿਗੁਰੂ ਜੀ ਅਜਿਹੇ ਔਗਣ-ਭਰਪੂਰ ਮਨੁੱਖ ਦਾ ਪੱਖ ਕਿਵੇਂ ਪੂਰ ਸਕਦੇ ਹਨ । ਪਹਾੜੀ ਰਾਜਿਆਂ ਦਾ ਪੱਖ ਗੁਰੂ ਗੋਬਿੰਦ ਸਿੰਘ ਜੀ ਨੇ ਕਿਉਂ ਨਾਹ ਪੂਰਿਆ ਕਿਉਂਕਿ ਉਹ ਅਮੀਰਾਨਾ ਔਗਣਾਂ ਨਾਲ ਭਰਪੂਰ ਸਨ ਅਤੇ ਗਰੀਬਾਂ ਨੂੰ ਆਪਣੇ ਬਰਾਬਰ ਅਧਿਕਾਰ ਨਹੀਂ ਦੇਣਾ ਚਾਹੁੰਦੇ ਸਨ ।

Sri Satguru Jagjit Singh Ji Elibrary NamdhariElibrary@gmail.com

ਨਾਮ ਜਪਣਾ, ਕ੍ਰਿਤ ਕਰਨਾ, ਵੰਡ ਛੱਕਣਾ ਸਿੱਖੀ ਦੇ ਤਿੰਨ ਸਿਧਾਂਤ ਹਨ, ਜਿਨ੍ਹਾਂ ਨੂੰ ਜੀਵਨ ਅਮਲ ਵਿਚ ਲਿਆ ਕ ਸੱਚੇ ਸਮਾਜਵਾਦ ਦਾ ਮਹੱਲ ਉਸਾਰਿਆ ਜਾ ਸਕਦਾ ਹੈ । ਮਨੁੱਖ ਦੀ ਅਮੀਰ ਬਣਨ ਦੀ ਇੱਛਾ ਇਨ੍ਹਾਂ ਸਿਧਾਂਤਾਂ ਨੂੰ ਪੈਰਾਂ ਹੇਠ ਰੋਲ ਕੇ ਹੀ ਪੂਰੀ ਹੋ ਸਕਦੀ ਹੈ । ਫੇਰ ਅਮੀਰ ਮਨੁਖ ਮਾਇਕ ਪਦਾਰਥਾਂ ਦੀ ਚਮੱਕ-ਦਮੱਕ ਵਿਚ ਭੁਲਿਆ ਹੋਇਆ, ਜੀਵਨ ਦੀਆਂ ਸਹੀ ਕਦਰਾਂ ਦਾ ਖੋਜੀ ਨਹੀਂ ਬਣ ਸਕਦਾ, ਜਿਵੇਂ ਪ੍ਰਿਥੀ ਚੰਦ ਗੁਰੂ ਰਾਮ ਦਾਸ ਜੀ ਕੋਲ ਰਹਿੰਦਿਆਂ ਹੋਇਆਂ ਭੀ ਜੀਵਨ ਦੀਆਂ ਅਸਲ ਕੀਮਤਾਂ ਤੋਂ ਵਾਂਝਾ ਰਿਹਾ ਪੂਰੇ ਸਤਿਗੁਰ ਜੀ ਅਜਿਹੀ ਬਿਰਤੀ ਵਾਲੇ ਮਨੁੱਖਾਂ ਦੇ ਸਾਥੀ ਕਿਵੇਂ ਬਣ ਸਕਦੇ ਹਨ ।

ਖਾਲਸਾ ਸਮਾਜਵਾਦ ਦੇ ਮਹੱਲ ਨੂੰ ਉਸਾਰਨ ਲਈ ਸਭ ਗੁਰੂ ਸਾਹਿਬਾਨ ਨੇ ਕਿਰਤੀਆਂ ਨੂੰ ਨਾਲ ਲਿਆ । ੨੪੦ ਸਾਲ ਇਨ੍ਹਾਂ ਨੂੰ ਸੰਗਠੱਤ ਕੀਤਾ । ਅਖੀਰ ੧੬੯੯ ਈਸਵੀ ਦੀ ਵਿਸਾਖੀ ਨੂੰ ਦਇਆ, ਧਰਮ, ਹਿੰਮਤ, ਦ੍ਰਿੜਤਾ ਅਤੇ ਵਿਸ਼ਵਾਸ ਜਿਹੇ ਗੁਣਾਂ ਨਾਲ ਭਰਪੂਰ ਖਾਲਸਾ ਪੰਥ ਦਾ ਸਮਾਜ ਉਸਾਰਿਆ । ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸੁੱਚੇ ਕਿਰਤੀਆਂ ਨੂੰ ਪੰਜ ਪਿਆਰਿਆਂ ਦਾ ਦਰਜਾ ਦੇ ਕੇ, ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਰਖਕੇ, ਖਾਲਸਾ ਕੌਮ ਦਾ ਆਗੂ ਥਾਪ ਦਿਤਾ । ਅਜਿਹੇ ਪੰਚ ਜਨਾਂ ਦੀ ਵਡਿਆਈ ਵਿਚ ਗੁਰੂ ਜੀ ਨੇ ਕਿਹਾ—

"ਇਨ ਹੀਂ ਕੀ ਕ੍ਰਿਪਾ ਕੇ ਸਜੇ ਹਮ ਹੈਂ, ਨਹੀਂ ਮੋ ਸੋ ਗਰੀਬ ਕਰੋਰ ਪਰੇ ।।"

ਭਾਵੇਂ ਅਸੀਂ ਕਲਜੁਗ ਵਿਚ ਜੀਉ ਰਹੇ ਹਾਂ, ਜਿਥੇ ਸੁਆਰਥ ਅਧੀਨ ਅਮੀਰੀ ਗਰੀਬੀ ਦਾ ਮਹਾਨ ਸੰਘਰਸ਼ ਚਲ ਰਿਹਾ ਹੈ । ਪਰ ਛੇਤੀ ਹੀ ਮਨੁਖ ਦਾ ਯੁੱਗ ਆ ਰਿਹਾ ਹੈ ਜਿਥੇ ਅਮੀਰੀ-ਗਰੀਬੀ ਦਾ ਅੰਤਰ ਛੋਟਾ ਹੋ ਜਾਵੇਗਾ । ਉਸ ਯੁੱਗ ਵਿਚੋਂ ਹੀ ਗੁਰੂ ਦਾ ਯੁੱਗ ਪ੍ਰਗਟ ਹੋਵੇਗਾ ਜਿਥੇ ਕੋਈ ਕਿਸੇ ਨੂੰ ਤੰਗ ਨਹੀਂ ਕਰੇਗਾ, ਕੋਈ ਕਿਸੇ ਦਾ ਮੁਥਾਜ ਨਹੀਂ ਹੋਵੇਗਾ । ਸਭ ਪਾਸੇ ਦਇਆ ਅਤੇ ਧਰਮ ਦਾ ਰਾਜ ਹੋਵੇਗਾ, ਸਭ ਪਾਸੇ ਅਮਨ ਤੇ ਸ਼ਾਂਤੀ ਦਾ ਬੋਲ-ਬਾਲਾ ਹੋਵੇਗਾ । ਹਰ ਕੋਈ ਸੱਚ ਦਾ ਕਦਰਦਾਨ ਹੋਵੇਗਾ । ਹਰ ਕੋਈ ਪਰਮੇਸ਼ਰ ਦੇ ਭੈ ਵਿਚ ਜੀਉਂਦਾ ਸਭ ਦਾ ਭਲਾ ਲੋੜੇਗਾ । ਏਸੇ ਯੁੱਗ ਨੂੰ ਲਿਆਉਣ ਲਈ ਸਤਿਗੁਰ ਜੀ ਗਰੀਬ ਨਿਵਾਜ ਬਣੇ ਕੇ ਆਏ ।

"Protector of the Poor" Why ?

Praising the Satguru Bhai Gurdas has written :–

Satguru is the true king, unboundful carefree, free from all attachments and known as the protector of poor. True Guru is renowned as the lover of the poor and not the rich. The number of the poor is by far more than the rich as the wealth is accumulated by unfair means. This state of affairs is responsible for derth of daily needs for the poor and at

Sri Satguru Jagjit Singh Ji Elibrary NamdhariElibrary@gmail.com

the same time the rich remain worried due to huge wealth. As the real happiness lies in the harmonious living, therefore, the sympathy of the Guru goes towards the poor. As money cannot be abundantly collected by fair means and true Guru is not in favour of unfair dealings, it is, therefore, Guru Nanak visulised milk in Bhai Lalo's bread and blood in Malik Bhago's dishes. According to Guru Nanak, the difference in thinking and way of earning of the poor and the rich has made eachother opposite pole, which is the root cause of social set-up. The richness is responsible for many disqualities like ego, selfishness and false praise which are big hurdles in becoming a good person.

As the aim of Sat Guru's life is to produce God loving persons, therefore, how Satguru can side with sinful persons. Guru Gobind Singh ji did not cooperate with the Hill Rajas, as they were not prepared to give equal rights to the poor. According to Sikhism; remembering one God, earn livelihood with honest means and share with others are the basic principles of true socialism. A person can become rich only by forgetting these rules. He can't give true respect to these lofty principles as Shri Pirthi Chand remained aloof of such attributes though he was living in the company of Guru Ram Dass. Sikh Gurus established a society of pure socialism in 240 years with the unity of depressed workers imbibing in them attributes of love, perseverence compassion. and self-confidence. At the final stage, Guru Gobind Singh proclaimed the five pure ones the guiding force of humanity under the eternal force of Guru Granth Sahib ji.

Though we are living in an iron age, where a big struggle is going on between the rich and the poor. But shortly, the age of socialism is coming when the gap between the rich and the poor will be narrowed. From that age will emerge the age of spiritualism, where no body will be in trouble. Every body will be self-dependent. Peace will prevail all over the world. Every person will be truthful and God-fearing. The true Guru appeared on this Earth as the saviour of the poor to bring this Golden age.

Sri Satguru Jagjit Singh Ji Elibrary NamdhariElibrary@gmail.com

'ਮੀਰੀ–ਪੀਰੀ' ਇਕੱਠੀ ਕਿਉਂ ?

ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ੧੬੦੬ ਈਸਵੀ ਵਿਚ ਗੁਰੂ ਹਰਿਗੋਬਿੰਦ ਜੀ ਛੇਵੇਂ ਗੁਰੂ ਬਣੇ। ਉਨ੍ਹਾਂ 'ਮੀਰੀ-ਪੀਰੀ' ਦੀਆਂ ਦੋ ਤਲਵਾਰਾਂ ਪਹਿਨੀਆਂ। ਮੀਰੀ ਧਰਮ ਪ੍ਰਚਾਰਨ ਲਈ, ਪੀਰੀ ਝੂਠ ਨਾਲ ਟੱਕਰ ਲੈਣ ਲਈ। ਮੀਰੀ ਅ ਤਮਿਕ ਅਗਵਾਈ ਲਈ, ਪੀਰੀ ਸੰਸਾਰਕ ਅਗਵਾਈ ਲਈ। ਦੋ ਤਲਵਾਰਾਂ ਕਿਉਂ ਪਹਿਨੀਆਂ ? ਭਾਰਤ ਵਿਚ ਭਗਤੀ ਤੇ ਸ਼ਕਤੀ ਦਾ ਅਜੋੜ ਸਮਝਿਆ ਜਾਂਦਾ ਸੀ। ਦੋ ਅਡਰੇ ਰਾਹ ਮੰਨੇ ਜਾਣ ਕਰਕੇ ਭਗਤੀ ਕਾਇਰਤਾ ਵਿਚ ਬਦਲ ਗਈ ਸੀ, ਸ਼ਕਤੀ ਨੇ ਜ਼ਬਰ ਦਾ ਰੂਪ ਧਾਰਨ ਕਰ ਲਿਆ ਸੀ। ਨਤੀਜੇ ਵਜੋਂ ਬਦਸ਼ੀ ਜਰਵਾਣੇ ਭਾਰਤ ਦਾ ਧਨ ਤੇ ਇਜ਼ਤ ਕਈ ਸਦੀਆਂ ਲੁਟਦੇ ਰਹੇ। ਏਸੇ ਲਈ ਮਰਹੱਟਾ ਸਾਧੂ ਸਮਰਥ ਰਾਮਦਾਸ ਦੇ ਸੁਆਲ ਦਾ ਜੁਆਬ ਦੇਂਦਿਆਂ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਸੀ "ਸ਼ਸ਼ਤ੍ਰ ਗਰੀਬ ਦੀ ਰਖਿਆ ਲਈ, ਜਰਵਾਣੇ ਦੀ ਭਖਿਆ ਲਈ ਪਹਿਨੇ ਹਨ "

ਮਨੁੱਖੀ ਜਭਾ ਵਿਚ ਅਨੇਕਾਂ ਸ੍ਵੈ-ਵਿਰੋਧੀ ਬਿਰਤੀਆਂ ਹਨ–ਜਿਵੇਂ ਪ੍ਰੇਮ ਅਤੇ ਬਦਲੇ ਦਾ ਜਜ਼ਬਾ, ਸੰਘਰਸ਼ ਅਤੇ ਬਚਾਓ ਦਾ ਜਜ਼ਬਾ, ਦਇਆ ਅਤੇ ਤਸ਼ੱਦਦ ਦਾ ਜਜ਼ਬਾ। ਇਨ੍ਹਾਂ ਜਜ਼ਬਿਆਂ ਅਧੀਨ ਜੀਵਿਆਂ ਕਾਮ, ਕ੍ਰੋਧ, ਲੋਭ ਮੋਹ, ਹੰਕਾਰ ਯੋਗ ਵਾਤਾਵਰਣ ਵਿਚ ਜਿਥੇ ਸਾਡੇ ਮਿੱਤਰ ਬਣੇ ਰਹਿੰਦੇ ਹਨ, ਉਥੇ ਅਯੋਗ ਮਹੌਲ ਵਿਚ ਦੁਸ਼ਮਣ ਬਣ ਜਾਂਦੇ ਹਨ। ਜਿਵੇਂ ਮੁਗ਼ਲ ਹਾਕਮ ਦੋ ਸੌ ਸਾਲ ਰਾਜਸੀ ਸ਼ਕਤੀ ਦੇ ਗੁਲਾਮ ਬਣਕੇ ਸਿੱਖਾਂ ਉਤੇ ਜ਼ੁਲਮ ਕਰਦੇ ਰਹੇ, ਪਰ ਮਹਾਰਾਜਾ ਰਣਜੀਤ ਸਿੰਘ ਲੋਕਾਂ ਦੇ ਦਿਲਾਂ ਦੇ ਮਹਿਰਮ ਬਣੇ ਰਹੇ। ਜਿਵੇਂ ਬਾਹਰਲੇ ਇਲਾਜ ਦੇ ਕਾਰਗਰ ਨਾਂਹ ਹੋਇਆਂ ਡਾਕਟਰ ਨੂੰ ਚੀਰ-ਫਾੜ ਦੀ ਸਹਾਇਤਾ ਲੈਣੀ ਪੈਂਦੀ ਹੈ ਤਿਵੇਂ ਪੰਜ ਗੁਰੂਆਂ ਦੇ ਸ਼ਾਂਤਮਈ ਉਪਦੇਸ਼ ਆਪ–ਹੁੱਦਰੇ ਹਾਕਮਾਂ ਲਈ ਅਸਰ ਭਰਪੂਰ ਨਾਂਹ ਹੋਇਆ, ਗੁਰੂ ਹਰਿਗੋਬਿੰਦ ਜੀ ਨੂੰ ਤਲਵਾਰ ਦੀ ਵਰਤੋਂ ਕਰਨੀ ਪਈ।

ਤਲਵਾਰ ਚੜ੍ਹਦੀ ਕਲਾ ਅਤੇ ਸੁਤੰਤਰਤਾ ਦਾ ਚਿੰਨ ਹੈ। ਜਿਸ ਨੂੰ ਧਾਰਨ ਕੀਤਿਆਂ ਸ੍ਵੈਵਿਸ਼ਵਾਸ ਵਧਦਾ ਹੈ। ਨੇਕੀ ਨੂੰ ਕਾਇਮ ਰਖਨ ਲਈ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਸ਼ਕਤੀ ਦੀ ਵਰਤੋਂ ਵੱਡਾ ਪਰਉਪਕਾਰ ਹੈ। ਜਿਵੇਂ 'ਨਲੀਏਰ ਨੂੰ ਤੋੜੇ ਬਿਨਾਂ ਗਿਰੀ ਨਹੀਂ' ਖਾਧੀ ਜਾ ਸਕਦੀ, ਸਮੁੰਦਰ ਵਿਚ ਟੁੱਭੀ ਮਾਰੇ ਬਿਨਾਂ ਕੀਮਤੀ ਪਦਾਰਥ ਨਹੀਂ ਲੱਭੇ ਜਾ ਸਕਦੇ, 'ਤਿਲਾਂ ਨੂੰ ਪੀੜੇ ਬਿਨਾਂ' ਤੇਲ ਨਹੀਂ ਮਿਲ ਸਕਦਾ, ਤਿਵੇਂ ਸ਼ਕਤੀ ਦੀ ਵਰਤੋਂ ਬਿਨਾਂ ਮਨੱਮੁਖਾਂ ਤੋਂ ਸਦਗੁਣਾਂ ਦੀ ਰਖਿਆ ਨਹੀਂ ਹੋ ਸਕਦੀ। ਖਾਲਸਾ ਅਕਾਲ ਪੁਰਖ ਦਾ ਸਿਪਾਹੀ ਹੈ, ਜੋ ਭਗਤੀ ਸ਼ਕਤੀ ਦੇ ਸੁਮੇਲ ਰਾਹੀਂ

Sri Satguru Jagjit Singh Ji Elibrary NamdhariElibrary@gmail.com

ਰੀ ਸੰਪੂਰਨ ਹੋ ਸਕਦਾ ਹੈ। ਭਗਤੀ ਰੱਸ ਵਿਚੋਂ ਪੈਦਾ ਹੋਈ ਸ਼ਕਤੀ ਨੂੰ ਵਰਤਣ ਵਾਲੇ ਖਾਲਸੇ ਸੰਬੰਧੀ ਗੁਰੂ ਗੋਬਿੰਦ ਸਿਘ ਜੀ ਨੇ ਕਿਹਾ ਹੈ—

"ਧੰਨ ਜੀਉ ਤਿਹ ਕੋ ਜਗਿ ਮਹਿ, ਮੁਖ ਤੇ ਹਰਿ ਚਿਤ ਮਹਿ ਯੁਧ ਬੀਚਾਰੈ ॥"

ਭਗਤੀ-ਸ਼ਕਤੀ ਨਾਲ ਭਰੇ ਹੋਏ ਦਿਲ ਨਾਲ ਹੀ ਗੁਰੂ ਹਰਿਗੋਬਿੰਦ ਸਾਹਿਬ ਨੇ ਯੁੱਧ ਦੇ ਮੈਦਾਨ ਵਿਚ ਫਟੱੜ ਹੋਏ ਪੈਂਦੇ ਖਾਂ ਪਠਾਣ ਉਤੇ ਢਾਲ ਨਾਲ ਛਾਂ ਕਰਦਿਆਂ ਕਿਹਾ ਸੀ—"ਪੈਂਦੇ ਖਾਂ ! ਕਲਮਾਂ ਪੜ੍ਹ ਲੈ, ਤੇਰਾ ਅੰਤ ਸਮਾਂ ਨੇੜੇ ਆ ਗਿਆ ਹੈ।" ਉਸ ਹੱਥ ਜੋੜ ਕਿਹਾ ਸੀ, "ਦਾਤਾ ਬਖਸ਼ੋ, ਕਿਉਂਕਿ ਤੇਰੀ ਮਿਹਰ ਹੀ ਮੇਰਾ ਕਲਮਾਂ ਹੈ।" ਜਦ ਕਾਦਰ ਦੀ ਕੁਦਰਤ ਵਿਚੋਂ ਸਹਾਈ ਅਤੇ ਮਾਰੂ ਸ਼ਕਤੀਆਂ ਨਾਲੋ-ਨਾਲ ਦੇਖੀਆਂ ਜਾ ਸਕਦੀਆਂ ਹਨ ਤਾਂ ਭਗਤੀ ਅਤੇ ਸ਼ਕਤੀ ਦੇ ਸੁਮੇਲ ਬਿਨਾਂ ਮਨੁੱਖਾ ਜੀਵਨ ਕਿਵੇਂ ਅਨੰਦਮਈ ਹੋ ਸਕਦਾ ਹੈ। ਜੇ ਕਿਸੇ ਅਧਿਆਪਕ ਨੂੰ ਕਾਲੇ ਬੋਰਡ ਉਤੇ ਲਿਖੇ ਅੱਖਰ ਪੜ੍ਹਨ ਯੋਗ ਚਣਾਉਣ ਲਈ ਚਿੱਟੇ ਚਾਕ ਦੀ ਵਰਤੋਂ ਕਰਨੀ ਪੈਂਦੀ ਹੈ, ਤਾਂ ਭਗਤੀ ਰੱਸ ਵਿਚ ਰੱਤੇ ਖਾਲਸ ਮਨੁੱਖ ਨੂੰ ਭਗਤੀ ਗੁਣਾਂ ਦੀ ਕਾਇਮੀ ਲਈ ਸ਼ਕਤੀ ਦੀ ਵਰਤੋਂ ਕਰਨ਼ੀ ਹੀ ਬਣਦੀ ਹੈ।

"Meeri-Peeri Combined" Why ?

After the martyrdom of Guru Arjan Dev, Guru Hargobind ji became the the Sixth Guru. He wore two swords, one of the military power "Meeri" and other of the spiritual power-"Peeri" why ? In India, wordly and spiritual powers were considered contradictory. Wordly rulers had become cruel, while spiritulised persons became cowards. For centuries, Indian wealth and honour was being looted by foreign invaders. Telling reality, Guru Hargobind ji answered to the question of Marhatta Sadhu Samrath Ram Dass, "Sword is to protect the weak and oppress the tyrant."

Human mind is the combination of so many contradictory faculties, i.e. love and hate, offence and defence, compassion and oppression. Though, these are the production of five powers like lust, anger, greed, attachment and pride, yet all faculties become our friends in constructive environment and foes in destructive surroundings. That is why, the Mughal rulers remained cruel towards Sikhs, while Maharaja Ranjit Singh looked upon his subjects with one eye. Like a operation of a doctor, Guru Hargobind Sahib used his military power after watching the negative results of Five Master's preceful teaching.

Sri Satguru Jagjit Singh Ji Elibrary NamdhariElibrary@gmail.com

The sword is an emblem of high spirit and liberation, which enriches a person with self-confidence. To use temporal power for the maintenance of goodness is a noble deed. If one is to draw the fruite out of the coconut, one has to strike it hard. If one has to attain pearls from the sea, he must dive deep, if one has to take oil from the seeds, he must arrange to press them. Likewise, sometimes, one has to fight with evil forces to proctect the basic rights. Khalsa, the Saint-Soldier of God and Guru, can become perfect only with Bhagti and Shakti.

When Painde Khan (a pathan commander) was wounded by Guru Hargobind in the battlefield, he put his shield over his head and said, "Painde Khan; remember God according to your faih as death is comming near." He prayed with folded hands, "O True Guru, your blissful sight is my God, please pardon my sins"

God is the creator and destroyer of every creature. In nature, both powers constructive and destructive are working together. Similarly, without the combination of Bhagti and Shakti, human being can't enjoy blissful life. While, writing on the blackboard, a teacher has to use white chalk, an opposite colour, to clarify his writings. In the same way, the right use of temporal power can brighten the values of spiritual powers.

Sri Satguru Jagjit Singh Ji Elibrary NamdhariElibrary@gmail.com

'ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ' ਕਿਉਂ ?

ਸਿੱਖਾਂ ਦੇ ਨੌਵੇਂ ਗੁਰੂ, ਗੁਰੂ ਤੇਗ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ' ਕਿਹਾ ਜਾਂਦਾ ਹੈ। ਗੁਰੂ ਜੀ ਸਮੇਂ ਬਾਦਸ਼ਾਹ ਔਰੰਗਜ਼ੇਬ ਦਾ ਰਾਜ ਸੀ। ਉਸ ਨੇ ਸਭ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਦਾ ਹੁਕਮ ਦਿਤਾ। ਹਿੰਦੂਆਂ ਦੇ ਮੰਦਰ ਤੇ ਸਕੂਲ ਢਾਹ ਦਿਤੇ ਗਏ। ਕਸ਼ਮੀਰ ਦਾ ਗਵਰਨਰ ਇਫਤਰ ਖਾਨ ਏਸ ਹੁਕਮ ਨੂੰ ਬੜੇ ਜ਼ੋਰ ਸ਼ੋਰ ਨਾਲ ਅਮਲ ਵਿਚ ਲਿਆ ਰਿਹਾ ਸੀ, ਕਿਉਂਕਿ ਕਸ਼ਮੀਰ, ਹਿੰਦੂ ਪੰਡਤਾਂ ਦਾ ਗੜ੍ਹ ਸੀ। ਉਸ ਨੇ ਕਸ਼ਮੀਰ ਦੇ ਸਭ ਹਿੰਦੂਆਂ ਅਗੇ 'ਇਸਲਾਮ ਜਾਂ ਮੌਤ' ਵਿਚੋਂ ਇਕ ਚੁਣਨ ਦਾ ਪ੍ਰਸਤਾਵ ਰਖਿਆ। ਹਿੰਦੂ ਪੰਡਤਾਂ ਨੇ ਸਭ ਮੰਦਰਾਂ ਵਿਚ ਜਾ ਕੇ ਦੇਵੀ ਦੇਵਤਿਆਂ ਅਗ ਧਰਮ ਬਚਾਉਣ ਲਈ ਪ੍ਰਾਰਥਨਾ ਕੀਤੀ। ਪਰ ਕਿਸੇ ਨੇ ਸਹਾਇਤਾ ਨਾਂ ਕੀਤੀ।

ਅਤਿ ਦੁਖੀ ਅਵੱਸਥਾ ਵਿਚ ਉਹ ਸਾਰੇ ਗੁਰੂ ਤੇਗ ਬਹਾਦਰ ਜੀ ਕੋਲ ਸ੍ਰੀ ਅਨੰਦਪੁਰ ਆਏ। ਪੰਡਤ ਕਿਰਪਾ ਰਾਮ ਦੱਤ ਦੀ ਅਗਵਾਈ ਹੇਠ ਉਨ੍ਹਾਂ ਬੇਨਤੀ ਕੀਤੀ, "ਸੱਚੇ ਪਾਤਸ਼ਾਹ ! ਸਾਡਾ ਦੁਖ ਅਸਹਿ ਹੈ। ਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਤੁਸੀ ਹਿੰਦੂਆਂ ਦੇ ਰਾਖੇ ਹੋ। ਰੱਬ ਦੇ ਵਾਸਤੇ ਸਾਡਾ ਧਰਮ ਬਚਾਓ।" ਗੁਰੂ ਜੀ ਨੇ ਸਾਰੀ ਸਥਿਤੀ ਨੂੰ ਚੰਗੀ ਤਰ੍ਹਾਂ ਵਿਚਾਰਿਆ ਤੇ ਕਿਹਾ, "ਬਾਦਸ਼ਾਹ ਔਰੰਗਜ਼ੇਬ ਨੂੰ ਕਹਿ ਦਿਓ ਕਿ ਗੁਰੂ ਤੇਗ ਬਹਾਦਰ ਜੀ ਸਾਡੇ ਗੁਰੂ ਹਨ। ਤੇਰੇ ਹੁਕਮ ਨਾਲ ਜੇ ਉਹ ਮੁਸਲਮਾਨ ਬਣ ਜਾਣ ਤਾਂ ਅਸੀ ਸਾਰੇ ਆਪਣੇ ਆਪ ਮੁਸਲਮਾਨ ਬਣ ਜਾਵਾਂ ਗੇ।" ਸਭ ਹਿੰਦੂਆਂ ਨੇ ਇਓਂ ਕਹਿ ਦਿਤਾ। ਗੁਰੂ ਜੀ ਨੂੰ ਗਰਿਫਤਾਰ ਕਰਕੇ ਦਿਲੀ ਲਿਆਂਦਾ ਗਿਆ। ਅਨੇਕਾਂ ਦਲੀਲਾਂ ਨਾਲ ਔਰੰਗਜ਼ੇਬ ਨੇ ਗੁਰੂ ਤੇਗ ਬਹਾਦਰ ਜੀ ਨੂੰ ਇਸਲਾਮੀ ਦਾਇਰੇ ਵਿਚ ਲਿਆਉਣ ਦਾ ਜਤਨ ਕੀਤਾ. ਪਰ ਗੁਰੂ ਜੀ ਨੇ ਕਿਸੇ ਸ਼ਰਤ ਉਤੇ ਮੁਸਲਮਾਨ ਬਣਨਾ ਪ੍ਰਵਾਨ ਨਹੀਂ ਕੀਤਾ। ਗਿਆਰਾਂ ਨਵੰਬਰ ੧੬੭੫ ਈਸਵੀ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕਰ ਦਿਤਾ ਗਿਆ। ਜਿਸ ਸ਼ਬੰਧੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ-

"ਧਰਮੁ ਹੇਤ ਸਾਕਾ ਜਿਨਿ ਕੀਆ। ਸੀਸੁ ਦੀਆ, ਪਰ ਸ਼ਿਰਰੁ ਨ ਦੀਆ।"

ਸਾਢੇ ਪੰਜ ਫੁਟ ਲੰਬਾ ਆਦਮੀ ਜੇ ਛੇ ਫੁੱਟ ਲੰਬੀ ਅਤੇ ਤਿੰਨ ਫੁਟ ਚੌੜੀ ਚਾਦਰ ਤਾਣ ਕੇ ਲੇਟ ਜਾਵੇ ਤਾਂ ਉਸ ਦਾ ਸਾਰਾ ਤਨ ਢਕਿਆ ਜਾਂਦਾ ਹੈ। ਪਰ ਜੇ ਚਾਦਰ ਹੀ ਛੋਟੀ ਅਤੇ ਫਟੀ ਪੁਰਾਣੀ ਹੋਵੇ ਤਾਂ ਲੇਟੇ ਹੋਏ ਮਨੁੱਖ ਦਾ ਤਨ ਨਹੀਂ ਢੱਕ ਸਕਦੀ। ਮੰਦਰਾਂ ਦੇ ਕਰੋੜਾਂ ਦੇਵੀ ਦੇਵਤੇ ਆਪਣੀ ਅਧੂਰੀ ਸ਼ਖਸੀਅਤ ਕਰਕੇ ਕਰੋੜਾਂ ਭਾਰਤੀਆਂ ਦੀ ਇਜ਼ਤ ਨਾਂ ਢੱਕ ਸਕੇ। ਗੁਰੂ

Sri Satguru Jagjit Singh Ji Elibrary NamdhariElibrary@gmail.com

ਤੇਗ ਬਹਾਦਰ ਜੀ ਦੀ ਭਗਤੀ ਭਰਪੂਰ, ਤਿਆਗਮਈ ਸ਼ਖਸੀਅਤ ਨੇ ਕ੍ਰੋੜਾਂ ਭਾਰਤੀਆਂ ਦੀ ਪਤ ਨੂੰ ਢਕਿਆ ।

ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਨੇ ਕਟੱੜ ਮੁਸਲਮਾਨਾਂ ਦੇ ਕਠੋਰ ਮਨਾਂ ਨੂੰ ਨਰਮ ਕਰ ਦਿਤਾ । ਰੱਬ ਦੇ ਡਰ ਵਿਚ ਆਕੇ ਉਨ੍ਹਾਂ ਜਬਰੀ ਮੁਸਲਮਾਨ ਬਣਾਉਣੇ ਬੰਦ ਕਰ ਦਿਤੇ । ਗੁਰੂ ਜੀ ਦੀ ਕੁਰਬਾਨੀ ਨੇ ਹਿੰਦੂਆਂ ਦੇ ਮਨਾਂ ਵਿਚ ਹੌਸਲਾ ਅਤੇ ਸ੍ਵੈ-ਸਤਿਕਾਰ ਭਰ ਦਿਤਾ । ਕੁਰਬਾਨੀ ਤੋਂ ਪ੍ਰੇਰਨਾ ਲੈ ਕੇ ਸ਼ਿਵਾ ਜੀ ਵਰਗੇ ਮਰਹੱਟਿਆਂ ਨੇ ਹਿੰਦੂ ਕੌਮ ਵਿਚ ਨਵੀਂ ਰੂਹ ਭਰੀ ।

ਏਸ ਕੁਰਬਾਨੀ ਕਰਕੇ ਸੱਚੇ ਹਿੰਦੂ ਗੁਰੂ ਜੀ ਦੇ ਰਿਣੀ ਹੋ ਗਏ । ਉਨਾਂ ਦੇਵੀ ਦੇਵਤਿਆਂ ਦੀ ਪੂਜਾ ਛੱਡ ਦਿਤੀ । ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਖਾਲਸਾ ਪੰਥ ਸਾਜਿਆ ਤਾਂ ਅਨੇਕਾਂ ਹਿੰਦੂ ਖਾਲਸੇ ਬਣ ਗਏ । ਉਹ ਇਕ ਵਾਹਿਗੁਰੂ ਨੂੰ ਯਾਦ ਕਰਨ ਲਗੇ । ਅਨੇਕਾਂ ਹਿੰਦੂ ਖਾਲਸਾ ਪੰਥ ਦਾ ਅੰਗ ਬਣਕੇ ਦੇਸ਼ ਕੌਮ ਦੇ ਰਾਖੇ ਬਣੇ । ਚੰਗੀ ਚਾਦਰ ਤਨ ਨੂੰ ਢਕ ਲੈਂਦੀ ਹੈ । ਮਿੱਟੀ ਘੱਟੇ ਤੋਂ ਬਚਾਉਂਦੀ ਹੈ । ਸੱਤ-ਪੁੱਰ ਗੁਰੂ ਤੇਗ ਬਹਾਦਰ ਜੀ ਨੇ ਚਾਦਰ ਬਣਕੇ ਭਾਰਤੀਆਂ ਦੇ ਤਨ ਮਨ ਨੂੰ ਔਰੰਗਜ਼ੇਬੀ ਜ਼ੁਲਮ ਤੋਂ ਬਚਾਇਆ ।

The Champion of Hindus-Why ?

Guru Tegh Bahadur ji, The Ninth Guru of the Sikhs, is called the Champion of the Hindus. At that time, Aurangzeb was ruling over India. He ordered to convert all the Hindus into Islamic faith. The Hindu Temples and Schools were demolished. The govenor of Kashmir Iftikhar Khan was an enthusiastic exponent and executor of the Emperor's policy as Kashmir was the highest seat of Indian Brahmins. He called upon the Hindus of Kashmir to choose between Islam and death, the Brahmins of Kashmir offered special prayers to their gods and goddesses in many temples. But all was in vain. In their extreme distress, The Brahm'ns decided to seek Guru Tegh Bahadur's help at Sri Aandpur. Under the leadership of Pandit Kirpa Ram Datt, they requested-"O True Guru, our sufferings have become unbearable. You are the successor of Guru Nanak Dev ji and the saviour of the Dharma. For God's sake, protect our religion." Guru ji wacthed deeply the whole situation and said, "Go and tell the Emperor that Guru Tegh Bahadur is our leader and guide. If he accepts the Islam according to your order, we shall follow his example." All the Hindus said to Emperor, what Guru had advised them.

Sri Satguru Jagjit Singh Ji Elibrary NamdhariElibrary@gmail.com

Guru Tegh Bahadur ji was arrested and brought to Delhi. Aurangzeb tried to persuade The Guru to accept Islam, but Guru ji rejected all proposals. He was executed on November 11, 1675 A.D. in Delhi. Guru Gobind Singh has written about this sacrifice. He sacrificed his head without any resistance, but maintained his faith."

Guru Tegh Bahadur's sacrifice melted the frozen and stony minds of fanatic rulers. Filling with fear of God, they stopped to muslimise Hindu with fanatic zeal. This martyrdom infused life, courage and sense of self respect among the Hindus. Marhatta leader like Shivaji got inspiration to put new life into the dead bones of the Hindus. This supreme sacrifice made the true Hindus grateful to the Guru. They gave up workship of gods and goddesses and adopted The Khalsa religion created by Guru Gobind Singh ji. Hundreds of Hindus became the worshipper of one supreme lord and protector of oppressed ones.

Guru Tegh Bahadur's personality was highly spiritulised and devotional. Due to his supreme sacrifice, he is known as a big and good bed-sheet, which covered the honour and religion of entire India. Martyrs always die for their own religion but Guru Tegh Bahadur ji sacrificed himself for the Hindus faith, which is an exception in itself. Guru Tegh Bahadur ji was in the true sense, The Chamion of India, who saved Indian religion from Mughal Tyranny by his unique sacrifice.

Sri Satguru Jagjit Singh Ji Elibrary NamdhariElibrary@gmail.com

ਅੰਮ੍ਰਿਤ ਛੱਕਣਾ ਜ਼ਰੂਰੀ ਕਿਓਂ?

ਆਮ ਸੁਆਲ ਕੀਤਾ ਜਾਂਦਾ ਹੈ ਕਿ ਅੰਮ੍ਰਿਤ ਕਿਓਂ ਛੱਕੀਏ ? ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਮਨੁੱਖੀ ਜੀਵਨ ਨੇ ਕਈ ਪੱਖਾਂ ਤੋਂ ਵਿਕਾਸ਼ ਕਰਨਾ ਹੈ, ਜਿਨ੍ਹਾਂ ਵਿਚੋਂ ਸਰੀਰਕ ਪੱਖ, ਮਾਨਸਿਕ ਪੱਖ ਅਤੇ ਆਤਮਿਕ ਪੱਖ ਵਿਸ਼ੇਸ਼ ਹਨ। ਸਰੀਰਕ ਵਿਕਾਸ ਲਈ ਅਸੀਂ ਮਾਇਆ ਕਮਾ ਕੇ ਅਨੇਕ ਪ੍ਰਕਾਰ ਦੇ ਸੁੱਖ ਮਾਣਦੇ ਹਾਂ, ਮਾਨਸਿਕ ਉਨਤੀ ਲਈ ਅਨੇਕ ਪ੍ਰਕਾਰ ਦੇ ਗਿਆਨ ਰਾਹੀਂ ਜੀਵਨ ਆਨੰਦ ਮਾਣਦੇ ਹਾਂ। ਆਤਮਿਕ ਵਿਕਾਸ਼ ਲਈ ਸਰੀਰ ਤੇ ਮਨ ਨੂੰ ਜ਼ਬਤ ਵਿਚ ਰੱਖ ਕੇ ਪਰਮਾਤਮਾਂ ਦੀ ਹੋਂਦ ਵਿਚੋਂ ਆਨੰਦ ਮਾਣਦੇ ਹਾਂ। ਅੰਮ੍ਰਿਤ ਛੱਕਣਾ ਕੀ ਹੈ, ਸਹੀ ਜੀਵਨ ਜੀਉਂਦਿਆਂ ਪਰਮੇਸ਼ਰ ਦੀ ਹੋਂਦ ਵਿਚੋਂ ਆਨੰਦ ਮਾਨਣਾ। ੧੬੯੯ ਈਸਵੀ ਦੀ ਵਿਸਾਖੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਕੇ ਸਾਨੂੰ ਸਦਾ ਲਈ ਅਮਰ ਕਰ ਦਿਤਾ ਅਤੇ ਪੰਜ ਪਿਆਰਿਆਂ ਨੂੰ ਹੁਕਮ ਦਿਤਾ ਕਿ ਤੁਸੀਂ ਵੀ ਅਭਿਲਾਸ਼ੀਆਂ ਨੂੰ ਅੰਮ੍ਰਿਤ ਛਕਾ ਕੇ ਸਦੀਵੀ ਜੀਵਨ ਬਖਸ਼ੋ। ਅੰਮ੍ਰਿਤ ਛਕਣਾ ਕੀ ਹੈ - ਸਦਾ ਸਦਾਜੀਉਣਾ। ਭਾਵੇਂ ਪੰਜ ਤੱਤਾਂ ਦਾ ਸਰੀਰ ਬਿਨਸਣ ਹਾਰ ਹੈ, ਪਰ ਅੰਮ੍ਰਿਤ ਪੀ ਕੇ ਖਾਲਸਾ ਅਮਰ ਹੋ ਜਾਂਦਾ ਹੈ ਕਿਉਂਕਿ ਤਨ ਮਨ ਆਤਮਾ ਕਰਕੇ ਵਾਹਿਗੁਰੂ ਜੀ ਨੂੰ ਧਿਆਉਂਦਾ ਹੈ, ਗੁਰਬਚਨਾਂ ਅਨੁਸਾਰ ਜੀਵਨ ਜੀਉਂ ਕੇ ਆਤਮ-ਰਸ ਮਾਣਦਾ ਹੈ, ਤਾਂ ਹੀ ਕਿਹਾ ਹੈ—

ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹੁ, ਹਰਿ ਸਿਮਰਤ ਅਨੰਦ ਅਨੰਤਾ ॥

ਸਮਾਜਕ ਪੱਖ ਤੋਂ ਅੰਮ੍ਰਿਤ ਛਕਣ ਵੇਲੇ ਖਾਲਸਾ ਜਦੋਂ ਇਹ ਪ੍ਰਣ ਕਰਦਾ ਹੈ- ਮੈਂ ਪਰ ਧਨ, ਪਰ ਤਨ ਨੂੰ ਗ੍ਰਹਣ ਨਹੀਂ ਕਰਾਂਗਾ, ਤਮਾਕੂ ਸ਼ਰਾਬ ਆਦਿਕ ਬਿਖਈ ਚੀਜ਼ਾਂ ਤੋਂ ਮੁਕਤ ਰਹਾਂ ਗਾ, ਰੱਬੀ ਰਜ਼ਾ ਵਿਚ ਰਹਿਕੇ ਸਾਬਤ-ਸੂਰਤ ਰਹਾਂਗਾ, ਤਾਂ, ਜੀਉਂਦਾ ਹੀ ਮੁੱਕਤ ਹੋ ਜਾਂਦਾ ਹੈ। ਕਰੋੜਾਂ ਸੰਸਾਰੀ ਵਿਕਾਰਾਂ ਦੇ ਗੁਲਾਮ ਹਨ, ਪਰ ਖਾਲਸਾ ਵਿਕਾਰਾਂ ਭਰੇ ਸੰਸਾਰ ਵਿਚ ਗੁਰਸ਼ਬਦ ਅਨੁਸਾਰ ਜੀਵਨ ਜੀਉਂਦਾ, ਜੀਵਨ ਮੁਕਤ ਹੋ ਜਾਂਦਾ ਹੈ। ਇਸੇ ਲਈ ਫੈਸਲਾ ਦਿਤਾ ਹੈ—

ਤੋੜੇ ਬੰਧਨ ਹੋਵੈ ਮੁਕਤੁ, ਸਬਦੁ ਮੰਨਿ ਵਸਾਏ ॥

ਸੰਗਲਾਂ ਨਾਲ ਜਕੜੇ ਅਤੇ ਪਿੰਜਰੇ ਵਿਚ ਬੰਦ, ਬੰਦਾ ਸਿੰਘ ਬਹਾਦਰ ਨੂੰ ਜਦੋਂ ਪੁਛਿਆ ਗਿਆ, 'ਤੂੰ ਏਨਾਂ ਪ੍ਰਸੰਨ-ਚਿੱਤ ਕਿਉਂ ਏਂ' ? ਤਾਂ ਕਹਿਣ ਲਗਾ 'ਕਿਉਂਕਿ ਅਕਾਲ ਪੁਰਖ ਦੀ ਮਿਹਰ ਨਾਲ ਮੈਂ ਖਾਲਸਾ ਸਜਿਆ ਹੋਇਆਂ ਹਾਂ'।

ਮਾਣਸ ਜਨਮ ਚੌਰਾਸੀ ਲੱਖ ਜੂਨੀਆਂ ਵਿਚੋਂ ਸ਼੍ਰੋਮਣੀ ਹੈ। ਆਤਮ-ਰਸ ਪ੍ਰਾਪਤ ਕਰਕੇ

Sri Satguru Jagjit Singh Ji Elibrary NamdhariElibrary@gmail.com

ਜਨਮ-ਮਰਨ ਤੋਂ ਮੁਕਤ ਹੋ ਜਾਣਾ ਭਾਵੇਂ ਸਿਖਰਲੀ ਅਵਸਥਾ ਹੈ, ਪਰ ਫੇਰ ਮਾਣਸ ਜਨਮ ਪ੍ਰਾਪਤ ਕਰ ਲੈਣਾ ਵੀ ਮੁੱਕਤੀ ਦੀ ਹੀ ਪੌੜੀ ਹੈ। ਅੰਮ੍ਰਿਤ ਛਕਿਆਂ ਅਤੇ ਪਤਿੱਤ ਕਰਮਾਂ ਤੋਂ ਉਮਰ ਭਰ ਬਚਿਆਂ, ਮੁੜ ਮਾਣਸ ਜਨਮ ਪ੍ਰਾਪਤ ਕਰ ਲੈਣ ਦੀ ਅਸੀਂ ਸਦਾ ਲਈ ਗਰੰਟੀ ਲੈ ਸਕਦੇ ਹਾਂ। ਏਸੇ ਲਈ ਪੁਰਾਤਨ ਸਿਖਾਂ ਦਾ ਵਿਸ਼ਵਾਸ਼ ਸੀ ਅਤੇ ਹੁਣ ਵੀ ਸਚਿਆਚਾਰ ਸਿੰਘਾਂ ਦਾ ਵਿਸ਼ਵਾਸ਼ ਹੈ ਕਿ ਸਾਰੀ ਦੁਨੀਆਂ ਚੋਰਾਸੀ ਦੇ ਚਕੱਰ ਵਿਚ ਹੈ, ਅਸੀਂ ਅਕਾਲ ਪੁਰਖ ਦੇ ਸੇਵਕ ਹੋਣ ਕਰਕੇ ਏਸ ਚੱਕਰ ਤੋਂ ਮੁਕਤ ਹਾਂ।

ਹੈਂਡ ਪੰਪ ਦਾ ਪਾਣੀ ਜੇ ਹੇਠਾਂ ਡਿੱਗ ਪਵੇ ਤਾਂ ਉਤੋਂ ਪਾਣੀ ਪਾਕੇ ਹੈਂਡਲ ਮਾਰਿਆਂ ਪਾਣੀ ਪ੍ਰਗਟ ਹੋ ਜਾਂਦਾ ਹੈ। ਆਤਮਾਂ ਦੇ ਰੂਪ ਵਿਚ ਸਦੀਵੀ ਅੰਮ੍ਰਿਤ. ਤਾਂ, ਸਾਡੇ ਸਾਰਿਆਂ ਦੇ ਹਿਰਦੇ ਵਿਚ ਹੈ ਹੀ, ਕੇਵਲ ਸੰਸਾਰੀ ਵਿਕਾਰਾਂ ਦੇ ਰਸਾਂ ਨੇ ਉਸ ਨੂੰ ਢਕਿਆ ਜਾਂ ਹੇਠਾਂ ਡੇਗਿਆ ਹੋਇਆ ਹੈ। ਪੰਜ ਪਿਆਰਿਆਂ ਕੋਲੋਂ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅੰਮ੍ਰਿਤ ਛਕਿਆਂ, ਸਵਾਸ-ਸਵਾਸ ਨਾਮ ਦ੍ਰਿੜ ਕਰਾਇਆਂ, ਨਾਮ ਜਪਿਆਂ, ਅਸੀਂ ਡਿਗੇ ਹੋਏ ਅੰਮ੍ਰਿਤ ਨੂੰ ਪ੍ਰਗਟ ਕਰ ਲੈਂਦੇ ਹਾਂ ਤੇ ਲੋਕ-ਪਲੋਕ ਵਿਚ ਰੱਸ ਮਾਣਦੇ ਹਾ। ਤਾਂ ਹੀ ਸੁਝਾ ਦਿਤਾ ਹੈ—

ਅੰਮ੍ਰਿਤ ਪੀਵਹੁ ਸਾਧ ਪਿਆਰੇ ॥ ਮੁਖ ਊਜਲ ਸਾਚੈ ਦਰਬਾਰੇ।

ਭਾਈ ਫੋਜਾ ਸਿੰਘ ਜੋ ਨਿਰੰਕਾਰੀਆਂ ਦੇ ਜ਼ੁਲਮ ਹੇਤ, ੧੯੭੮ ਈਸਵੀ ਦੀ ਵਿਸਾਖੀ ਨੂੰ ਅਨੇਕ ਸਿੰਘਾਂ ਨਾਲ ਸ਼ਹੀਦ ਹੋਏ ਨੇ ਆਪਣੀ ਧਰਮ-ਪਤਨੀ ਬੀਬੀ ਅਮਰਜੀਤ ਕੌਰ ਨੂੰ ਕਹਿਆ ਸੀ, 'ਭਾਗਾਂ ਵਾਲੀਏ! ਖੰਡੇ ਦਾ ਅੰਮ੍ਰਿਤ ਪੀ ਕਈ ਵਾਰੀ ਸ਼ਹੀਦ ਹੋ ਚੁਕਾ ਹਾਂ ਅਤੇ ਹੁਣ ਵੀ ਹੋਣਾ ਹੈ, ਚੜ੍ਹਦੀ ਕਲਾ ਵਿਚ ਰਹੀਂ"। ਉਨ੍ਹਾਂ ਦੇ ਬਚਨ ਸੱਚੇ ਹੋ ਗਏ। ਭਾਈ ਫੋਜਾ ਸਿੰਘ ਜੀ ਅਮਰ ਸ਼ਹੀਦ ਬਣੇ ਹਨ ਅਤੇ ਸੈਂਕੜੇ ਨੌਜਵਾਨਾਂ ਨੂੰ ਅੰਮ੍ਰਿਤਮਈ ਜੀਵਨ ਦੇ ਰਹੇ ਹਨ। ਉਮਰ ਭਰ ਵਿਚ ਅਸੀਂ ਸੈਂਕੜੇ ਤਰ੍ਹਾਂ ਦੇ ਰਸ ਪੀਂਦੇ ਹਾਂ। ਇਹ ਅਨਰਸ ਪੀ ਕੇ ਅਸੀਂ ਤ੍ਰਿਪਤ ਨਹੀਂ ਹੁੰਦੇ, ਸਗੋਂ ਹੋਰਾਂ ਲਈ ਤੜਪਦੇ ਹਾਂ। ਜੇ ਸਰਬ-ਲੋਹ ਦੇ ਬਾਟੇ ਵਿਚ ਬਾਣੀ ਅਤੇ ਪਤਾਸਿਆਂ ਦੇ ਮਿਕਸਚਰ ਵਾਲਾ ਨਾਮ ਅੰਮ੍ਰਿਤ ਪੀ ਕੇ ਤ੍ਰਿਪਤ ਹੋ ਜਾਈਏ ਤਾਂ ਕੇਹੜੀ ਮਾੜੀ ਗਲ ਹੈ। ਜਿਵੇਂ ਹਰ ਸਰਕਾਰ ਦਾ ਆਪੋ-ਆਪਣਾ ਸਿੱਕਾ ਹੈ ਅਤੇ ਇੱਕ ਦਾ ਸਿੱਕਾ ਦੂਜੇ ਦੇਸ਼ ਵਿਚ ਨਹੀਂ ਚਲ ਸਕਦਾ, ਤਿਵੇਂ ਹਰ ਯੁੱਗ ਦਾ ਆਪੋ ਆਪਣਾ ਧਰਮ ਹੈ। ਕਲਿਯੁਗ ਵਿਚ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦਾ ਸਿੱਕਾ ਪ੍ਰਵਾਨ ਹੈ। ਗੁਰੂ ਗੋਬਿੰਦ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜਾਂ ਸਿੰਘਾਂ ਰਾਹੀਂ, ਅੰਮ੍ਰਿਤ ਪੀਣ-ਪਿਲਾਉਣ ਦੀ ਮਰਯਾਦਾ ਰਾਹੀਂ, ਸਾਨੂੰ ਸਦਾ ਲਈ ਅਮਰ ਕਰ ਦਿਤਾ। ਅਸਾਨੂੰ ਸਾਰਿਆਂ ਨੂੰ ਖੰਡੇ ਦਾ ਅੰਮ੍ਰਿਤ ਛਕ ਕੇ. ਸਚਿਆਰ ਜੀਵਨ ਬਣਾ ਕੇ, ਸਦੀਵੀ ਕਾਲ ਲਈ ਅਮਰ ਹੋਣਾ ਹੀ ਚਾਹੀਦਾ ਹੈ। ਜ਼ਿਸ ਸਬੰਧੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਕਵੀ ਭਾਈ ਗੁਰਦਾਸ ਜੀ ਉਚੀ-ਉਚੀ ਕਹਿ ਰਹੇ ਹਨ —

"ਪੀਵਹੁ ਪਾਹੁਲ ਖੰਡੇਧਾਰ, ਹੋਇ ਜਨਮ ਸੁਹੇਲਾ ।।"

Sri Satguru Jagjit Singh Ji Elibrary NamdhariElibrary@gmail.com

Baptism is a Must – Why ?

Why should we take Amrit or baptised is often questioned ? Guru Granth Sahib lays down the idea that human life should be developed from various angles, though physical, mental and spiritual angles are essential. For physical developmental we earn money, out of which we are able to enjoy worldly blessings. Through various types of educational facilities, we develop mental aspect and for spiritual development we keep under control our inner and outer sentiments. Taking Amrit of double edge sword is recognising the existance of God and Guru, leading proper life.

On the Baisakhi of 1699 A. D. Guru Gobind Singh made his sikhs immortal by granting them Amrit. He first, blessed The Five Beloved Ones and then ordered them to spread it to whole humanity to enjoy real life. Although human body is made of five elements and is likely to vanish, but those who take Amrit become immortal as they surrender according to the sayings of Guru and God.

As a social being, at time of taking Amrit, a sikh makes a promise with oneself and the Guru, that he will not accept anybody's else, wealth or body under any temptation. I shall keep myself away from smoking and intoxicants. I shall maintain my physical and mental structure according to the wishes of the Guru. Of course, crores of people are the slaves of limitless vices, yet I shall remain unattached like the lotus flower exhaling beauty, love and fragrance.

Tied with iron chains, when Banda Singh Bahadur was asked, how he maintains his mental peace amidst all the difficulties he is facing; his answer was, "I have adopted the pure faith with the grace of God.

Human life is considered as the top of other spices, through which we can attain spiritual bliss. But if a person degrades oneself to the animal stage, he can't attain human life again. But a baptised sikh can guaran-

Sri Satguru Jagjit Singh Ji Elibrary NamdhariElibrary@gmail.com

teed to attain human life again as he leads life according to the dictates of Guru Gobind Singh. This type of attainment or assurance is also a high levelled liberation. Being the follower of the Guru, every sikh had and have this belief that we are free from constant animal circle of birth and death.

If the water of the hand-pump goes down, we pour some water from above and move the handle. The water goes up again. Accordingly, we have spiritual nectar deep down in our mind. As soon as we take Amrit, we attain and recite the Name Waheguru Waheguru with every breath This repetition washes our sinful impressions and fills our mind with divine thoughts, Thus, we revive the hidden nectar and get honour in Godly Court.

In 1978 Baisakhi, Bhai Fauja Singh laid down his life alongwith other martyres having strife with so-called Nirankari sect Before his death, he said to his wife Bibi Amarjit Kaur, "O Blessed wife, I had been a martyred several times being baptised, and shall be a martyr again, live in high spirit. "His words came out true and are inspiring the youths.

We spend miserable life under the pressure of short lived pleasures. Is it not better, if we baptised ourselves for enternal satisfaction.

Every Government has its own coinage and currency, current in the country. Similarly, every age has its own code of Dharma. Guru Nanak Guru Gobind Singh ji's currency of Dharma prevails in this iron age. Guru ji immortalised the humanity by baptising through five beloved ones in the holy presence of Guru Granth Sahib. We Should lead a blissful life by taking Amrit, as Bhai Gurdas ji has proclaimed.

Sri Satguru Jagjit Singh Ji Elibrary NamdhariElibrary@gmail.com

"ਸ਼ੇਰੇ–ਪੰਜਾਬ" ਕਿਉਂ ?

ਮਹਾਰਾਜਾ ਰਣਜੀਤ ਸਿੰਘ ਨੇ ੧੭੯੯ ਈਸਵੀ ਤੋਂ ੧੮੩੯ ਈਸਵੀ ਤਕ ਪੰਜਾਬ ਵਿਚ ਰਾਜ ਕੀਤਾ। ਮਹਾਰਾਜਾ ਸਾਹਿਬ ਨੂੰ 'ਸ਼ੇਰੇ-ਪੰਜਾਬ' ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਕਿਉਂ ਕੀਤਾ ਜਾਂਦਾ ਹੈ, ਮੈਂ ਤੁਹਾਨੂੰ ਦਸਦਾ ਹਾਂ।

ਮਹਾਰਾਜਾ ਰਣਜੀਤ ਸਿੰਘ ੧੨ ਸਾਲ ਦੀ ਉਮਰ ਵਿਚ ਸ਼ੁਕਰਚਕੀਆ ਮਿਸਲ ਦੇ ਮਾਲਕ ਬਣੇ ਜਦੋਂ ਉਨਾਂ ਦੇ ਪਿਤਾ ਸਰਦਾਰ ਮਹਾਂ ਸਿੰਘ ਅਕਾਲ–ਚਲਾਣਾ ਕਰ ਗਏ। ਉਸ ਵੇਲੇ ਉਨ੍ਹਾਂ ਕੋਲ ਛੇ ਹਜ਼ਾਰ ਘੋੜ ਸਵਾਰ, ਪੰਜ ਸੌ ਪਿੰਡ ਅਤੇ ਦੋ ਕਿਲੇ ਸਨ। ਉਨਾਂ ਆਪਣੀ ਹਿੰਮਤ, ਯੋਗਤਾ ਅਤੇ ਸਿਆਣਪ ਨਾਲ ਇਕ ਵਿਸ਼ਾਲ ਰਾਜ ਕਾਇਮ ਕੀਤਾ, ਜੋ ਸਤਲੁੱਜ ਨਦੀ ਤੋਂ ਪਸ਼ੌਰ ਤਕ, ਤਿਬੱਤ ਤੋਂ ਸਿੰਧ ਤਕ (ਅੱਜ ਦੇ ਪਾਕਿਸਤਾਨ ਨਾਲੋਂ ਵੱਡਾ) ਫੈਲਿਆ ਹੋਇਆ ਸੀ, ਜਿਸ ਦੀ ਸਾਲਾਨਾ ਆਮਦਨ ਕਰੋੜਾਂ ਰੁਪੈ ਸੀ।

੧੮੦੧ ਈਸਵੀ ਵਿਚ ਵਿਸਾਖੀ ਵਾਲੇ ਦਿਨ ਲਾਹੌਰ ਸ਼ਹਿਰ ਦੇ ਮੁਖੀਆਂ ਅਤੇ ਇਲਾਕੇ ਦੇ ਸਰਦਾਰਾਂ ਨੇ ਇਕੱਠੇ ਹੋਕੇ ਰਣਜੀਤ ਸਿੰਘ ਨੂੰ ਮਹਾਰਾਜੇ ਦਾ ਪੱਦ ਬਖਸ਼ਿਆ। ਉਸੇ ਦਿਨ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਦਾ ਸਿੱਕਾ ਚਲਾਇਆ ਗਿਆ। ਹਜਾਰਾਂ ਰੁਪੈ ਗਰੀਬਾਂ ਨੂੰ ਵੰਡੇ ਗਏ। ਸ਼ਹਿਰ ਵਿਚ ਦੀਪ-ਮਾਲਾ ਕੀਤੀ ਗਈ।

ਰਣਜੀਤ ਸਿੰਘ ਜੀ ਦੇ ਮਹਾਰਾਜਾ ਬਣਨ ਤੋਂ ਪਹਿਲਾਂ ਪੰਜਾਬ ਵਿਚ ਬਾਰ੍ਹਾਂ ਸਿੱਖ ਮਿਸਲਾਂ ਸਨ। ਹਰ ਮਿਸਲ ਲਾਹੌਰ ਉਤੇ ਆਪਣਾ ਹੱਕ ਸਮਝਦੀ ਸੀ। ਜੰਗਲ ਦੇ ਸ਼ੇਰ ਤਰ੍ਹਾਂ ਮਹਾਰਾਜੇ ਨੇ ਸਭ ਮਿਸਲਾਂ ਨੂੰ ਅਧੀਨ ਕੀਤਾ ਅਤੇ ਪੰਜਾਬ ਦਾ ਸ਼ੇਰ ਕਹਾਇਆ।

੧੭੯੯ ਈਸਵੀ ਤੋਂ ਪਹਿਲਾਂ ਜਦੋਂ ਸ਼ਾਹ ਜ਼ਮਾਨ (ਇਕ ਅਫਗਾਨੀ ਹਾਕਮ) ਦਾ ਲਾਹੌਰ ਉਤੇ ਕਬਜ਼ਾ ਸੀ ਅਤੇ ਉਹ ਸੁੱਮਨ ਬੁਰਜ ਦੇ ਕਿਲ੍ਹੇ ਵਿਚ ਫੌਜਾਂ ਲਈ ਬੈਠਾ ਸੀ; ਤਾਂ ਰਣਜੀਤ ਸਿੰਘ ਕੁਝ ਸਿਪਾਹੀ ਨਾਲ ਲੈ ਕੇ ਬੁਰਜ ਕੋਲ ਗਏ। ਗਰਜਵੀਂ ਆਵਾਜ਼ ਵਿਚ ਕਹਿਣ ਲਗੇ—

"ਐ ਅਹਿਮਦਸ਼ਾਹ ਅਬਦਾਲੀ ਦੇ ਪੋਤਰੇ, ਸਰਦਾਰ ਚੜ੍ਹਤਸਿੰਘ ਦਾ ਪੋਤਰਾ ਤੇਰੇ ਕੋਲ ਆਇਆ ਹੈ। ਹਿੰਮਤ ਹੈ ਤਾਂ ਸਾਹਮਣੇ ਆ ਅਤੇ ਦੋ ਹੱਥ ਕਰ ਕੇ ਵੇਖ ਲੈ।" ਸ਼ੇਰਾਂ ਵਾਲੀ ਗਰਜ ਸੁਣਕੇ ਸ਼ਾਹ ਜ਼ਮਾਨ ਅੰਦਰੋਂ ਨਾਹ ਨਿਕਲਿਆ ਅਤੇ ਥੋੜ੍ਹੇ ਸਮੇਂ ਬਾਦ ਲਾਹੌਰ ਛਡ ਕੇ ਅਫਗਾਨਿਸਤਾਨ ਚਲਾ ਗਿਆ। ਰਣਜੀਤ ਸਿੰਘ ਨੇ ਸਦਾ ਲਈ ਲਾਹੌਰ ਰਾਜਧਾਨੀ ਉਤੇ ਕਬਜ਼ਾ ਕਰ ਲਿਆ।

Sri Satguru Jagjit Singh Ji Elibrary NamdhariElibrary@gmail.com

ਰਾਜਨੀਤਕ ਦੁਨੀਆਂ ਦਾ ਅਸੂਲ ਹੈ, ਕਿ ਹਰ ਯੋਗ ਜਾਂ ਅਯੋਗ ਢੰਗ ਨਾਲ ਵਿਰੋਧੀ ਨੂੰ ਖਤਮ ਕਰੋ। ਪਰ ਮਹਾਰਾਜਾ ਰਣਜੀਤ ਸਿੰਘ ਜੀ ਇਸ ਅਸੂਲ ਤੋਂ ਉਤੇ ਸਨ। ਅਨੇਕਾਂ ਵਿਰੋਧੀਆਂ ਨੂੰ ਉਨ੍ਹਾਂ ਨੇ ਲੜਾਈਆਂ ਵਿਚ ਹਰਾਇਆ। ਪਰ ਹਾਰੇ ਹੋਏ ਹਾਕਮਾਂ ਨੂੰ ਕਦੀ ਨੀਚਾ ਨਹੀਂ ਦਿਖਾਇਆ। ਉਨ੍ਹਾਂ ਦੇ ਪਰਵਾਰਾਂ ਦਾ ਸਤਿਕਾਰ ਕੀਤਾ। ਜਾਗੀਰਾਂ ਦੇ ਕੇ ਯੋਗ ਪਦਵੀਆਂ ਉਤੇ ਨਿਯੁਕਤ ਕੀਤਾ। ਹਿੰਦੂ ਮੁਸਲਮਾਨ ਸਿੱਖ ਸਭ ਨੂੰ ਇਕੋ ਦ੍ਰਿਸ਼ਟੀ ਨਾਲ ਦੇਖਿਆ, ਕਿਉਂਕਿ ਰਣਜੀਤ ਸਿੰਘ ਸ਼ੇਰ ਦਿਲ ਮਹਾਰਾਜਾ ਸੀ। ਮਹਾਰਾਜਾ ਰਣਜੀਤ ਸਿੰਘ ਬੜੇ ਬਲਵਾਨ, ਫੁਰਤੀਲੇ ਅਤੇ ਅਣਥੱਕ ਘੋੜ ਸਵਾਰ ਸਨ। ਜਦੋਂ ਉਨ੍ਹਾਂ ਸਰਦਾਰ ਹਰੀ ਸਿੰਘ ਨਲੂਆ ਦੀ ਸ਼ਹੀਦੀ ਬਾਰੇ ਸੁਣਿਆਂ ਤਾਂ ਲਾਹੌਰ ਤੋਂ ਪਸ਼ੌਰ ਤੱਕ ਇਕੋ ਦਿਨ ਵਿਚ ਸਫਰ ਕੀਤਾ। ੧੮੩੧ ਈਸਵੀ ਵਿਚ ਰੋਪੜ ਦੇ ਸਥਾਨ ਉਤੇ ਅੰਗ੍ਰੇਜ਼ ਗਵਰਨਰ ਨਾਲ ਮੁਲਾਕਾਤ ਹੋਈ। ਨੇਜ਼ਾਬਾਜੀ ਅਤੇ ਤਲਵਾਰ ਚਲਾਉਣ ਦੇ ਕਰਤਬ ਦਿਖਾਏ ਗਏ। ਇਕ ਆਦਮੀ ਆਪਣੀ ਹਥੇਲੀ ਉਤੇ ਨਿੰਬੂ ਟਿਕਾ ਕੇ ਬਾਂਹ ਪਸਾਰ ਕੇ ਖੜਾ ਹੋ ਗਿਆ। ਮਹਾਰਾਜਾ ਸਾਹਿਬ ਦੂਰੋਂ ਘੋੜਾ ਭਜਾਈ ਆਏ ਅਤੇ ਤਲਵਾਰ ਨਾਲ ਨਿੰਬੂ ਦੇ ਟੁਕੜੇ ਕਰ ਕੇ ਲੰਘ ਗਏ। ਉਸ ਬੰਦੇ ਦੇ ਹੱਥ ਨੂੰ ਜ਼ਰਾ ਵੀ ਝਰੀਟ ਨਾਂਹ ਆਈ। ਸ਼ੇਰੇ-ਪੰਜਾਬ ਦੀ ਨਿਸ਼ਾਨੇ ਬਾਜੀ ਸਭ ਨੇ ਸਲਾਹੀ।

ਮਹਾਰਾਜੇ ਦੇ ਰਾਜ ਵਿਚ ਇਕ ਮੁਸਲਮਾਨ ਨੇ ਕੁਰਾਨ ਸ਼ਰੀਫ ਆਪਣੇ ਹੱਥ ਨਾਲ ਸੁੰਦਰ ਲਿਖਤ ਵਿਚ ਲਿਖਿਆ। ਧਾਰਮਕ ਗ੍ਰੰਥ ਨੂੰ ਵੇਚਣ ਲਈ ਉਹ ਰਾਮਪੁਰ, ਲਖਨਊ ਅਤੇ ਹੈਦਰਾਬਾਦ ਦੇ ਮੁਸਲਮਾਨ ਨਵਾਬਾਂ ਕੋਲ ਗਿਆ, ਪਰ ਕਿਸੇ ਵੀ ਉਸ ਦੀ ਇੱਛਾ ਅਨੁਸਾਰ ਦਸ ਹਜ਼ਾਰ ਰੁਪੈ ਮੁੱਲ ਨਾਹ ਦਿਤਾ। ਨਿਰਾਸ ਹੋ ਕੇ ਜਦ ਉਹ ਲਾਹੌਰ ਦਰਬਾਰ ਆਇਆ ਤਾਂ ਸ਼ੇਰੇ-ਪੰਜਾਬ ਨੇ ਸੁਨਹਿਰੀ ਕੁਰਸੀ ਤੋਂ ਉਠ ਕੇ ਉਸ ਗ੍ਰੰਥ ਦਾ ਸਤਿਕਾਰ ਕੀਤਾ ਅਤੇ ਦਸ ਹਜ਼ਾਰ ਰੁਪੈ ਇਨਾਮ ਦਿਤਾ। ਸੱਚਮੁਚ ਮਹਾਰਾਜੇ ਦਾ ਦਿਲ ਹਰ ਧਰਮ ਦੇ ਮਨੁੱਖ ਲਈ ਸਤਿਕਾਰ ਭਰਿਆ ਸੀ।

ਛੇ ਹਜ਼ਾਰ ਘੋੜ ਸਵਾਰਾਂ ਦਾ ਉਨ੍ਹੀਂ ਸਾਲਾ ਸਰਦਾਰ ੧੭੯੯ ਈਸਵੀ ਵਿਚ ਲਾਹੌਰ ਸ਼ਹਿਰ ਦਾ ਮਾਲਕ ਬਣਿਆਂ ਅਤੇ ੧੮੩੯ ਈਸਵੀ ਵਿਚ ਜਦ ਉਹ ਪੂਰਾ ਹੋਇਆ ਤਾਂ ਉਸ ਕੋਲ ੯੨ ਹਜ਼ਾਰ ਪੈਦਲ ਫੌਜ, ੩੧੮੦੦ ਘੋੜ ਸਵਾਰ ਅਤੇ ੭੮੪ ਤੋਪਾਂ ਸਨ। ਰਣਜੀਤ ਸਿੰਘ ਸੱਚ-ਮੁੱਚ ਪੰਜਾਬੀਆਂ ਦਾ ਸ਼ੇਰ ਸੀ ਜਿਸ ਨੇ ਸਿਆਣਪ ਅਤੇ ਤਾਕਤ ਨਾਲ ਏਨਾਂ ਸ਼ਕਤੀ-ਸ਼ਾਲੀ ਰਾਜ ਕਾਇਮ ਕੀਤਾ।

ਕਹਿੰਦੇ ਹਨ ਕਿ ਸ਼ੇਰ ਦਾ ਦਿਲ ਬੜਾ ਵੱਡਾ ਹੁੰਦਾ ਹੈ। ਮਾਮੂਲੀ ਘਟਨਾਵਾਂ ਦੀ ਪਰਵਾਹ ਨਾਹ ਕਰਦਾ ਹੋਇਆ ਆਪਣੀ ਤਾਕਤ ਅਤੇ ਵੱਡ-ਦਿਲੀ ਦੇ ਗੌਰਵ ਵਿਚ ਜੀਵਨ ਜੀਉਂਦਾ ਹੈ। ਅਜਿਹਾ ਦਿਲ ਹੀ ਮਹਾਰਾਜੇ ਰਣਜੀਤ ਸਿੰਘ ਦਾ ਸੀ।

ਮਹਾਰਾਜਾ ਰਣਜੀਤ ਸਿੰਘ ਜੀ ਕੁਝ ਸਿਪਾਹੀਆਂ ਸਣੇ ਇੱਕ ਪਿੰਡ ਦੇ ਰਸਤੇ ਵਿਚੋਂ ਲੰਘ ਰਹੇ ਸਨ। ਰਸਤੇ ਵਿਚ ਪਿੰਡ ਦੇ ਮੁੰਡੇ ਬੇਰੀ ਤੋਂ ਬੇਰ ਲਾਹ ਰਹੇ ਸਨ। ਹੋਰ ਸਾਥੀਆਂ ਦੀ ਤਰ੍ਹਾਂ ਇਕ

Sri Satguru Jagjit Singh Ji Elibrary NamdhariElibrary@gmail.com

ਮੁੰਡੇ ਨੇ ਬੇਰੀ ਨੂੰ ਪੱਥਰ ਮਾਰਿਆ। ਸਹਿਜ ਸੁਭਾਏ ਉਹ ਪੱਥਰ ਮਹਾਰਾਜੇ ਨੂੰ ਲਗ ਗਿਆ। ਸਿਪਾਹੀ ਸਭ ਮੁੰਡਿਆਂ ਨੂੰ ਫੜ ਕੇ ਮਹਾਰਾਜੇ ਕੋਲ ਲੈ ਆਏ। ਪਿੰਡ ਦੀ ਪੰਚਾਇਤ ਵਿਚ ਮਹਾਰਾਜੇ ਨੇ ਅਨੋਖਾ ਇਨਸਾਫ ਕਰਦਿਆਂ ਕਿਹਾ—"ਨਿਮਾਣੀ ਬੇਰੀ ਨੂੰ ਪੱਥਰ ਮਾਰਿਆਂ ਜੇ ਮੁੰਡਿਆਂ ਨੂੰ ਬੇਰ ਮਿਲਦੇ ਹਨ, ਤਾਂ ਮਹਾਰਾਜੇ ਨੂੰ ਵੱਟਾ ਮਾਰਿਆਂ ਬਹੁਤ ਕੁਝ ਮਿਲਣਾ ਚਾਹੀਦਾ ਹੈ।" ਮਹਾਰਾਜੇ ਨੇ ਵੱਟਾ ਮਾਰਨ ਵਾਲੇ ਨੂੰ ਸੋਨੇ ਦਾ ਹਾਰ ਦਿਤਾ ਅਤੇ ਬਾਕੀ ਮੁੰਡਿਆਂ ਨੂੰ ਸੋਨੇ ਦੀਆ ਮੋਹਰਾਂ। ਅਨੋਖੇ ਇਨਸਾਫ ਅਤੇ ਪਿਆਰ ਨੂੰ ਦੇਖ ਕੇ ਸਭ ਹੈਰਾਨ ਰਹਿ ਗਏ।

ਮਹਾਰਾਜਾ ਰਣਜੀਤ ਸਿੰਘ ਸਭ ਦਾ ਸਤਿਕਾਰ ਕਰਨ ਵਾਲਾ ਸੱਚ-ਮੁੱਚ ਪੰਜਾਬ ਦਾ ਸ਼ੇਰ-ਦਿਲ ਸਮਰਾਟ ਸੀ।

The Lion of the Punjab, Why ?

Maharaja Ranjit Singh ruled over the Punjab from 1799 A.D. to 1839 A.D. He is acclaimed as the lion of the Punjab. Why it is so ? I tell you.

Maharaja Ranjit Singh became the owner of Sukarchakia estate at the age of 12, when his father S. Mahan Singh breathed his last. At that time he was incharge of the few villages with six thousand horsemen and two forts. He established a vast empire by dint of his wisdom, perseverance and power, whose income was crores of rupees.

On the Basakhi Day of 1801, the title of Maharaja was given to Ranjit Singh by the prominent Sardars and chiefs of Lahore. On that day, prayers were done in Gurdwaras, temples and mosques and Guru Nanak Shahi coins were minted and distributed among the poor. The city was illuminated with fire-works.

Before becoming the Maharaja of Punjab, there were 12 estates. Every estate claimed its right on Capital Lahore. Like the lion of the jungle, he conquered all the estates and became the Lion of Punjab.

In 1798 A.D. when Shah Zaman (an Afgan invador) had captured the fort of Lahore, Ranjit Singh fired a number of shots and shouted out

Sri Satguru Jagjit Singh Ji Elibrary NamdhariElibrary@gmail.com

at the top of his vice, "O grandson of Ahmed Shah, Charat Singh's grandson has come. Come out and measure swords with him. "Shah Zaman heard the challenging shouts but did not dare to move out. After a few months, he left for Afganistan and never returned. Ranjit Singh captured the Capital for ever.

To destroy one's opponent is a general principle in political world. But Maharaja kept himself above from this principle. He defeated his enemies in many wars-but never placed them in disgraceful position. He even gave them suitable appointments respecting their families. As a lion hearted king, he looked upon all with one eye.

Maharaja Ranjit Singh, victor of Battles, was an excellent, unmatchable and tireless rider. He could remain the whole day in the saddle without showing any signs of fatigue. When he heard of General Hari Singh Nalwa's death in action at Peshawar, he hastened to that place on horse back in one day from Lahore to Peshawar. In 1831, he met British Governor General at Ropar. He personally competed with the best of the English horsemen in tent-peggin and swordsmanship. He exhibited also a rare feat of his skill. A soldier held a lemon on his outstretched palm. Ranjit Singh came riding at full gallop and cut with his sword, the lemon, without least injury to the palm. No one else was able to perform this feat. All acknowledged his superiority.

During his reign, once a Muslim wrote the Holy Quran spending many years. He had taken it to all Muslim princes with a view to get the reward of Rs. Ten Thousand. But none of them fulfilled his desire. When he came in the Court of Lahore, Ranjit Singh respectfully, leaving his royal chair, pressed the Holy Book against his forehead and gave him demanded reward.. He had deep reverence for every religion.

A nineteen years young lad with a number of soldiers became the owner of Lahore city in 1799, and when he died in 1839, he left the kingdom with 92 Thousand infantry, 31800 horsemen and 784 guns. The Lion of Panjabis, established a forceful empire with his power & foresightedness

Sri Satguru Jagjit Singh Ji Elibrary NamdhariElibrary@gmail.com

It is said that lion is a large hearted animal who leads his life with pride not caring for minor incidents, in his kingdom of jungle. Maharaja Ranjit Singh had the same type of qualities. Once he was touring through the country-side on horseback with some soldiers. Near the path, some boys were throwing stones on a Ber tree to get red and yellow fruits. By chance, a stone thrown by one of the boys, struck the Maharaja. The attendants ran up to the boys and brought up to Maharaja. All were trembling with fear and shedding tears. All the representatives of the village were called of to punish the boys. Declaring his strange justice, Maharaja said, "If a Ber tree, on being struck with a stone, gives a handful of ripe fruits to the boys, I. then, certainly should offer something better." Maharaja gave his golden neclace to that boy and golden coins to other boys. Every one was astonished to see the generous and strange mind of Maharaja.

Maharaja Ranjit Singh was really a Lion hearted king of Punjab having respect for everyone.

Sri Satguru Jagjit Singh Ji Elibrary NamdhariElibrary@gmail.com

ਨਾਮਧਾਰੀ ਲਹਿਰ ਕਿਉਂ ਚੱਲੀ ?

ਸਿੱਖ ਪੰਥ ਵਿਚ ਅਨੇਕਾਂ ਛੋਟੀਆਂ ਵਡੀਆਂ ਸੰਪਰਦਾਵਾਂ ਹਨ, ਜੋ ਕਿਸੇ ਨ ਕਿਸੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਆਸਰਾ ਲੈ ਕੇ ਧਰਮ ਪ੍ਰਚਾਰ ਕਰਦੀਆਂ ਹਨ। ਇਨ੍ਹਾਂ ਵਿਚੋਂ ਨਾਮਧਾਰੀ ਸੰਪ੍ਰਦਾ ਵਿਸ਼ੇਸ਼ ਸਥਾਨ ਰਖਦੀ ਹੈ ਜੋ ਦੇਸ-ਪ੍ਰਦੇਸ ਵਿਚ ਸਿੱਖੀ ਪ੍ਰਚਾਰ ਕਰ ਰਹੀ ਹੈ। ਨਾਮਧਾਰੀ ਲਹਿਰ ਦਾ ਆਰੰਭ ੧੮੫੭ ਦੀ ਵਿਸਾਖੀ ਤੋਂ ਹੋਇਆ ਜਿਸ ਦਿਨ ਸਿੱਖ ਪੰਥ ਦੀ ਅਦੁੱਤੀ ਸ਼ਖਸੀਅਤ ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਵਿਖੇ ਸਿੱਖ ਪੰਥ ਦਾ ਮਹਾਨ ਇਕੱਠ ਕੀਤਾ। ਪੰਜਾਂ ਪਿਆਰਿਆਂ ਰਾਹੀਂ ਹਜ਼ਾਰਾਂ ਸਿੱਖਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਗਿਆ ਅਤੇ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਗਿਆ। ਬਾਬਾ ਜੀ ਨੇ ਏਸੇ ਦਿਨ ਤੋਂ ਸਿੱਖੀ ਪ੍ਰਚਾਰ ਦੇ ਦੌਰਿਆਂ ਦਾ ਪ੍ਰੋਗਰਾਮ ਬਣਾਇਆ। ਇਹ ਪ੍ਰੋਗਰਾਮ ਹੀ ਬਾਅਦ ਵਿਚ ਨਾਮਧਾਰੀ ਲਹਿਰ ਦਾ ਰੂਪ ਧਾਰਨ ਕਰ ਗਿਆ। ਕਿਉਂ ਧਾਰਨ ਕਰ ਗਿਆ, ਸਮਝਣ ਦੀ ਲੋੜ ਹੈ।

"ਬਾਬਾ ਜੀ ਨਾਮ ਬਾਣੀ ਦੇ ਰਸੀਏ ਸਨ"

ਬਾਬਾ ਰਾਮ ਸਿੰਘ ਜੀ ਦਾ ਜਨਮ ਭਾਈ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਗ੍ਰਹਿ ਵਿਖੇ ਭੈਣੀ ਸਾਹਿਬ ਵਿਖੇ ਹੋਇਆ। ਇਹ ਗੁਰਸਿੱਖ ਜੋੜੀ ਮੁੱਢ ਤੋਂ ਹੀ ਗੁਰੂ ਘਰ ਦੀ ਸ਼ਰਧਾਲੂ ਸੀ। ਮਾਤਾ ਪਿਤਾ ਦੇ ਪ੍ਰਭਾਵ ਕਰਕੇ ਬਾਬਾ ਜੀ ਗੁਰਸਿਖ ਰਹਿਣੀ ਵਿਚ ਦ੍ਰਿੜ੍ਹ ਹ ਗਏ। ਗਿਆਨ ਪ੍ਰਾਪਤੀ ਦੇ ਆਸ਼ੇ ਨਾਲ ਬਾਬਾ ਜੀ ਭਾਵੇਂ ਅਨੇਕਾਂ ਸੰਤਾਂ ਮਹੰਤਾਂ ਦੀ ਸੰਗਤ ਕਰਦੇ ਰਹੇ ਪਰ ਉਨ੍ਹਾਂ ਦਾ ਮੁਖ ਕਰਮ ਨਾਮ ਜਪਣਾ ਹੀ ਰਿਹਾ, ਜਿਵੇਂ ਕਿ ਆਪ ਦੇ ਇੱਕ ਲਿਖੇ ਪੱਤ੍ਰ ਤੋਂ ਇਸ਼ਾਰਾ ਮਿਲਦਾ ਹੈ—

'ਮੈਂ ਤਾਂ ਕਈ ਬਾਤਾਂ ਦੇਖ ਕੇ ਹੀ (ਗੁਰੂ) ਲੜ ਲੱਗਾ ਹਾਂ, ਪਹਿਲੇ ਉਦਾਸੀ ਦਾ ਚੇਲਾ ਹੋਇਆ, ਫੇਰ ਨਿਰਮਲੇ ਦਾ, ਫੇਰ ਖੰਡੇ ਦੀ ਪਾਹੁਲ ਲਈ। ਏਸੇ ਨਾਮ ਨੇ ਸਾਨੂੰ ਏਥੇ ਭੀ ਸੁਖ ਦੇ ਰਖਾ ਹੈ, ਧੰਨ ਹੈ ਇਹ ਨਾਮ ॥"

ਨਾਮ ਦੇ ਜਾਪ ਨੇ ਉਨਾਂ ਨੂੰ ਨਾਮ ਰਸੀਏ ਬਣਾਇਆ।

"ਬਾਬਾ ਜੀ ਉਤਸ਼ਾਹੀ ਪਰਚਾਰਕ ਸਨ।"

ਨਾਮ-ਧਾਰੀ ਉਹ ਹੈ ਜੋ ਵਾਹਿਗੁਰੂ ਗੁਰਮੰਤ੍ਰ ਦੇ ਗੁਣਾਂ ਨੂੰ ਧਾਰਨ ਕਰੇ। ਬਾਬਾ ਜੀ ਸੁੱਚੀ ਕ੍ਰਿਤ ਰਾਹੀਂ ਪਰਵਾਰ ਪਾਲਦੇ ਸਨ ਅਤੇ ਸੰਜਮੀ ਜੀਵਨ ਰਾਹੀਂ ਨਾਮ ਬਾਣੀ ਦਾ ਅਭਿਆਸ

Sri Satguru Jagjit Singh Ji Elibrary NamdhariElibrary@gmail.com

ਕਰਦੇ ਸਨ। ਏਸੇ ਅਭਿਆਸ ਨੇ ਉਨ੍ਹਾਂ ਦੇ ਤਨ, ਮਨ ਅਤੇ ਆਤਮਾ ਨੂੰ ਸ਼ਰਸ਼ਾਰ ਕਰ ਦਿਤਾ। ਨਾਮ ਬਾਣੀ ਦੇ ਮਿਲੇ ਆਨੰਦ ਨੂੰ ਹੋਰ ਲੋਕਾਈ ਵਿਚ ਵੰਡਣ ਲਈ ਉਨ੍ਹਾਂ ਪ੍ਰਚਾਰ ਕਰਨ ਦਾ ਵਿਸ਼ੇਸ਼ ਪ੍ਰੋਗਰਾਮ ਬਣਾਇਆ। ਕਿਉਂਕਿ ਬਾਬਾ ਜੀ ਅਤੇ ਉਨ੍ਹਾਂ ਦੇ ਸਤਿਸੰਗੀ ਸ਼ਰਧਾਲੂ ਵਿਸ਼ੇਸ਼ ਉਦਮ ਕਰਕੇ ਵਾਹਿਗੁਰੂ ਨਾਮ ਜਪਦੇ ਜਪਾਉਂਦੇ ਸਨ, ਢੋਲਕ, ਛੈਣੇ ਆਦਿਕ ਸਾਜਾਂ ਨਾਲ ਸ਼ਬਦ ਕੀਰਤਨ ਕਰਦੇ ਸਨ। ਖਾਣ-ਪੀਣ ਵਿਚ ਵਿਸੇਸ਼ ਸੰਜਮ ਰਖਦੇ ਸਨ। ਇਸ ਲਈ ਆਮ ਲੋਕਾਂ ਦੀ ਦ੍ਰਿਸ਼ਟੀ ਵਿਚ ਵਿਸ਼ੇਸ ਸਤਿਕਾਰ ਰਖਦੇ ਸਨ। ਗੁਰਮਤਿ ਨਾਮ ਦੇ ਵਿਸ਼ੇਸ਼ ਉਪਾਸਕ ਅਤੇ ਪ੍ਰਚਾਰਕ ਹੋਣ ਕਰਕੇ ਏਸ ਜੱਥੇ ਨੂੰ ਨਾਮ-ਧਾਰੀ ਜੱਥਾ ਕਿਹਾ ਜਾਣ ਲਗਾ।

ਬਾਬਾ ਜੀ ਹੁਕਮੀ ਬੰਦੇ ਸਨ ॥

ਹਰ ਗੁਰਸਿੱਖ ਲਈ ਹੁਕਮ ਹੈ, ਆਪ ਨਾਮ ਜਪਣਾ, ਹੋਰਨਾਂ ਨੂੰ ਜਪਾਉਣਾ। ਗੁਰੂ ਜੀ ਫੁਰਮਾਉਂਦੇ ਹਨ—

ਜਨੁ ਨਾਨਕ ਧੂੜ ਮੰਗੈ ਤਿਸ ਗੁਰਸਿੱਖ ਕੀ,
ਜੋ ਆਪ ਜਪੈ, ਅਵਰਾਂ ਨਾਮ ਜਪਾਵੈ ॥

ਬਾਬਾ ਰਾਮ ਸਿੰਘ ਹੁਕਮੀ ਬੰਦੇ ਸਨ। ਜਦੋਂ ਉਨ੍ਹਾਂ ਬਾਬਾ ਬਾਲਕ ਸਿੰਘ ਜੀ ਹਜ਼ਰੋ ਵਾਲਿਆਂ ਦੇ ਦਰਸ਼ਨ ਕੀਤੇ ਤਾਂ ਉਨ੍ਹਾਂ ਨੇ ਪ੍ਰੇਰਨਾ ਦਿਤੀ, ਜਿਵੇਂ ਤੁਸੀਂ ਆਪ ਨਾਮ ਜਪਦੇ ਹੋ, ਤਿਵੇਂ ਹੋਰਨਾਂ ਨੂੰ ਵੀ ਜਪਾਵੋ, ਏਹੋ ਸੇਵਾ ਹੀ ਸਭ ਤੋਂ ਉਤਮ ਕਰਮ ਹੈ। ਬਾਬਾ ਜੀ ਨੇ ਹੁਕਮ ਮੰਨਿਆਂ ਅਤੇ ਨਾਮਧਾਰੀ ਲਹਿਰ ਦੇ ਰੂਪ ਵਿਚ ਸਿੱਖੀ ਦੇ ਇਨਕਲਾਬੀ ਪ੍ਰਚਾਰਕ ਬਣੇ।

ਰਾਜਸੀ ਅਧੋਗਤੀ ਨੇ ਵੀ ਪ੍ਰੇਰਨਾ ਦਿਤੀ ॥

੧੮੩੯ ਈਸਵੀ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦੇ ਅੱਖਾਂ ਮੀਟ ਜਾਣ ਪਿਛੋਂ ਸਾਰੇ ਸਿੱਖ ਰਾਜ ਵਿਚ ਖਲਬਲੀ ਮੱਚ ਗਈ। ਡੋਗਰੇ ਵਜ਼ੀਰਾਂ ਦੀ ਕੁਟੱਲ ਨੀਤੀ ਕਰਕੇ ਖਾਲਸਾ ਫੌਜਾਂ ਨੂੰ ਹਾਰ ਹੋਈ। ਦਸਾਂ ਸਾਲਾਂ ਵਿਚ ਹੀ ਖਾਲਸਾ ਰਾਜ ਅੰਗ੍ਰੇਜ਼ੀ ਰਾਜ ਦਾ ਹਿੱਸਾ ਬਣ ਗਿਆ। ਰਾਜ਼ਸੀ ਤਾਕਤ ਦੇ ਖਤਮ ਹੋਣ ਨਾਲ ਬਹੁਤੇ ਸਿੱਖ ਜਰਨੈਲ ਅਤੇ ਫੌਜੀ ਆਪਣੇ ਘਰਾਂ ਵਿਚ ਆ ਗਏ। ਸਾਰੇ ਪਾਸੇ ਢਹਿੰਦੀ ਕਲਾ ਵਰਤ ਗਈ। ਬਾਬਾ ਜੀ ਜੋ ੧੮੩੭ ਈਸਵੀ ਤੋਂ ਕੰਵਰ ਨੌਨਿਹਾਲ ਸਿੰਘ ਦੀ ਖਾਲਸਾ ਰਜ਼ਮੈਂਟ ਵਿਚ ਨੌਕਰੀ ਕਰ ਰਹੇ ਸਨ, ਨੌਕਰੀ ਛੱਡ ਕੇ ਭੈਣੀ ਸਾਹਿਬ ਆ ਗਏ ਅਤੇ ਕੌਮ ਵਿਚ ਚੜ੍ਹਦੀ ਕਲਾ ਲਿਆਉਣ ਲਈ ਨਾਮ-ਬਾਣੀ ਦਾ ਪ੍ਰਚਾਰ ਸ਼ੁਰੂ ਕੀਤਾ। ਏਹ ਪ੍ਰਚਾਰਕ ਹੀ ਨਾਮਧਾਰੀ ਸੰਪਰਦਾ ਦੇ ਰੂਪ ਵਿਚ ਪ੍ਰਗਟ ਹੋਏ।

ਸਮੇਂ ਦੀ ਲੋੜ ਸੀ ॥

ਖਾਲਸਾ ਰਾਜ ਦੇ ਖਾਤਮੇਂ ਪਿਛੋਂ ਅੰਗ੍ਰੇਜ਼ ਮਿਸ਼ਨਰੀਆਂ ਨੇ ਈਸਾਈ ਮੱਤ ਦਾ ਪ੍ਰਚਾਰ ਸ਼ੁਰੂ

Sri Satguru Jagjit Singh Ji Elibrary NamdhariElibrary@gmail.com

ਕੀਤਾ । ਲੋਭ ਲਾਲਚ ਅਤੇ ਡਰ ਦੇ ਅਧੀਨ ਅਨੇਕਾਂ ਪੰਜਾਬੀ ਈਸਾਈ ਬਣਨ ਲਗੇ । ਰਾਜਸੀ ਗੁਲਾਮੀ ਕਰਕੇ ਅਨੇਕਾਂ ਸਿੱਖ ਲੋਕ ਵੀ ਮਾਨਸਿਕ ਗੁਲਾਮੀ ਵਾਲਾ ਜੀਵਨ ਜੀਉਣ ਲਗੇ । ਹਿੰਦੂ ਧਰਮ ਦੀਆਂ ਵਹਿਮਾਂ ਭਰਮਾਂ ਵਾਲੀਆਂ ਅਨੇਕਾਂ ਰੀਤਾਂ ਰਸਮਾਂ ਅਪਨਾਉਣ ਲਗੇ । ਇਕ ਅਕਾਲ ਪੁਰਖ ਦੀ ਭਗਤੀ ਛਡ ਕੇ ਦਿਸ਼ਦੀਆਂ ਸ਼ਕਤੀਆਂ ਦੀ ਪੂਜਾ ਕਰਨ ਲਗੇ । ਸਿੱਖਾਂ ਦੀ ਨਿਘਰਦੀ ਅਵਸਥਾ ਵੇਖ ਕੇ ਬਾਬਾ ਜੀ ਨੇ ਸਿੱਖੀ ਪ੍ਰਚਾਰ ਦਾ ਕੰਮ ਸ਼ੁਰੂ ਕੀਤਾ । ਸਵਾਸ-ਸਵਾਸ ਨਾਮ ਜਪਣਾ, ਦੁੱਖ ਸੁਖ ਵਿਚ ਕੇਵਲ ਸੱਚੀ ਬਾਣੀ ਦਾ ਆਸਰਾ ਲੈਣਾ, ਅਨੰਦ ਕਾਰਜ ਰਾਹੀਂ ਵਿਆਹ ਕਰਨਾ, ਖੰਡੇ ਦੀ ਪਾਹੁਲ ਲੈ ਕੇ ਸ਼ੁਭ ਕਾਰਜ ਕਰਨਾ, ਪੰਜ ਕਕਾਰਾਂ ਦੇ ਧਾਰਨੀ ਹੋਣਾ, ਸਾਫ-ਸਾਦਾ ਜੀਵਨ ਜੀਉਣਾ, ਭਾਰਤ ਵਿਚ ਬਣੀਆਂ ਚੀਜ਼ਾਂ ਦਾ ਪ੍ਰਯੋਗ ਕਰਨਾ, ਘਰੋਗੀ ਝਗੜਿਆਂ ਨੂੰ ਆਪੋ ਵਿਚ ਨਿਬੇੜਨਾ, ਆਪ ਜੀ ਦੀਆਂ ਮੁੱਖ ਸਿਖਿਆਵਾਂ ਸਨ ।

ਬਾਬਾ ਜੀ ਗੁਰਸਿੱਖੀ ਵਿਚ ਕਿੰਨੇ ਦ੍ਰਿੜ ਸਨ ਇਨ੍ਹਾਂ ਉਦਾਹਰਣਾਂ ਤੋਂ ਪਤਾ ਲਗਦਾ ਹੈ । ਅਨੰਦਪੁਰ ਨੂੰ ਜਾਂਦਿਆਂ ਜਦ ਦੋ ਨਵੇਂ ਰਾਗੀਆਂ ਨੇ ਪੰਜਾਬੀ ਗੀਤ 'ਦੂਰ ਰਾਂਝਣ ਦਾ ਡੇਰਾ' ਦੀ ਹੇਕ ਲਾਈ ਤਾਂ ਆਪ ਨੇ ਕੱਚੀ ਬਾਣੀ ਨਾਹ ਪੜ੍ਹਨ ਦੀ ਤਾੜਨਾਂ ਕੀਤੀ । ਇਕ ਵਾਰੀ ਜੱਦ ਆਪ ਦਾ ਜੱਥਾ ਉਟਾਲੇ ਜ਼ਿਲਾ ਲੁਧਿਆਣਾ ਵਿਚ ਠਹਿਰਿਆ ਤਾਂ ਬ੍ਰਹਮਣਾ ਨੇ ਪਿੰਡ ਦੇ ਖੂਹ ਵਿਚ ਤੰਬਾਕੂ ਪਾ ਦਿਤਾ । ਬਾਬਾ ਜੀ ਨੇ ਹੁਕਮ ਦਿੱਤਾ ਇਸ ਪਿੰਡ ਵਿਚ ਸਿੱਖੀ ਪ੍ਰਚਾਰ ਜ਼ਰੂਰ ਹੋਵੇਗਾ, ਪਰ ਪਾਣੀ ਸਮਰਾਲੇ ਪਿੰਡ ਤੋਂ ਲਿਆਂਦਾ ਜਾਵੇਗਾ ।' ਹੁਕਮ ਮੰਨਿਆ ਗਿਆ ਤੇ ਕਈ ਦਿਨ ਪ੍ਰਚਾਰ ਹੁੰਦਾ ਰਿਹਾ ।

ਭਾਰਤੀ ਆਜ਼ਾਦੀ ਲਈ ਇਹ ਵਿਸ਼ੇਸ਼ ਲਹਿਰ ਸੀ ॥

ਭਾਵੇਂ ਝੋਲੀ-ਚੁੱਕਾਂ ਦੀ ਸਹਾਇਤਾ ਨਾਲ ਅੰਗ੍ਰੇਜ਼ ਸਰਕਾਰ ਨੇ ਨਾਮਧਾਰੀ ਲਹਿਰ ਨੂੰ ਦਬਾ ਦਿਤਾ, ਹਜ਼ਾਰਾਂ ਨਾਮਧਾਰੀਆਂ ਨੂੰ ਸ਼ਹੀਦ ਕਰ ਦਿਤਾ ਪਰ ਨਾਮਧਾਰੀ ਲਹਿਰ ਦਾ ਮੁੱਖ ਉਦੇਸ਼ ਲੋਕਾਂ ਵਿਚ ਜਾਗ੍ਰਤੀ ਲਿਆ ਕੇ ਭਾਰਤ ਆਜ਼ਾਦ ਕਰਾਉਣਾ ਸੀ । ਏਸੇ ਕੰਮ ਲਈ ਬਾਬਾ ਜੀ ਨੇ ਰੂਸ, ਨੇਪਾਲ, ਜੰਮੂ ਕਸ਼ਮੀਰ ਆਦਿ ਸੁਤੰਤਰ ਰਾਜਿਆਂ ਨਾਲ ਸੰਪਰਕ ਕਾਇਮ ਕੀਤਾ ਅਤੇ ਫੌਜਾਂ ਵਿਚ ਨਾਮਧਾਰੀ ਸਿੱਖ ਭਰਤੀ ਕਰਵਾਏ । ਏਸ ਤੱਥ ਦਾ ਸਬੂਤ ਪੰਜਾਬ ਦੇ ਇਨਸਪੈਕਟਰ ਜਨਰਲ ਪੁਲਸ ਦੀ ੩੦ ਜਨਵਰੀ ੧੮੭੧ ਦੀ ਲਿਖੀ ਚਿੱਠੀ ਤੋਂ ਮਿਲਦਾ ਹੈ । ਉਹ ਲਿਖਦਾ ਹੈ—'ਕੂਕਿਆਂ ਦੇ ਪਿਛਲੇ ਸਾਲ ਦੇ ਰਾਜਸੀ ਪ੍ਰੋਗਰਾਮ ਵਿਚ ਇਹ ਚੀਜ਼ ਪਰਤੱਖ ਦਿਸਦੀ ਹੈ ਕਿ ਉਨਾਂ ਨੇ ਹਿੰਦੁਸਤਾਨੀ ਰਿਆਸਤਾਂ ਦੀਆਂ ਫੌਜਾਂ ਵਿਚ ਭਰਤੀ ਹੋਣਾ ਸ਼ੁਰੂ ਕਰ ਦਿਤਾ ਹੈ । ਭਰਤੀ ਹੋਏ ਚੇਲਿਆਂ ਨੂੰ ਉਨ੍ਹਾਂ ਦਾ ਧਾਰਮਕ ਆਗੂ ਜਦ ਚਾਹੇ ਰਾਜਸੀ ਪ੍ਰੋਗਰਾਮ ਲਈ ਵਰਤ ਸਕਦਾ ਹੈ ।'

ਨਾਮਧਾਰੀ ਲਹਿਰ ਦਾ ਉਦੇਸ਼ ਸੀ, ਭਾਰਤੀ ਜਨਤਾ ਵਿਚ ਸਿੱਖੀ ਪ੍ਰੇਮ ਦਾ ਜਜ਼ਬਾ ਭਰਨਾ, ਉਨਾਂ ਨੂੰ ਭਗਤੀ ਸ਼ਕਤੀ ਰਾਹੀਂ ਇਕ ਮੁੱਠ ਕਰਕੇ ਭਾਰਤ ਨੂੰ ਆਜ਼ਾਦ ਕਰਾਉਣਾ । ਏਸੇ ਲਹਿਰ ਦੇ ਫ਼ਲ-ਸਰੂਪ, ਭਾਰਤ ਵਿਚ ਅਨੇਕਾਂ ਲਹਿਰਾਂ ਚਲੀਆਂ ਜੋ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਸਫਲ ਹੋਈਆਂ ।

Sri Satguru Jagjit Singh Ji Elibrary NamdhariElibrary@gmail.com

Why Namdhari Movement Started ?

There are various organisations or sects within the Sikh Religion which preach the religious faith recognising Guru Granth Sahib as their sole route. Among them, Namdhari organisation has significant place which preaches the sikh faith in India and abroad. Namdhari movement was started by honourable personality Baba Ram Singh ji on the Baiskhi day of 1857 A D. with a large congregation of Khalsa Panth in the village of Bhaini Sahib. (Punjab) Thousands of sikhs were baptised in the holy presence of Guru Granth Sahib ji, and Baba ji chalked out his missionary programme from that day. Later on, this programme became a movement to be known as Namdhari movement.

Baba ji was an enlightened soul Baba Ram Singh was born in a devout sikh family Bhai Jassa Singh and Mata Sada Kaur in village Bhaini Sahib. He inherited and loved the sikh faith, though in his early days he remained in the company of Saints and Mahants for exchange of views. How deep faith had he developed in sikh traditions, is evident from his following paragraph written during his imprisonment. 'I have embraced sikhism after so many considerations. Having practised Udasi, followed by Nirmala sect, I finally embraced the sikhism by getting baptised through the Holy Khanda My humble and unrelented belief in Sikhim provides me succour even in prison.

Baba ji had missionary Zeal Namdhari is the one who keeps in tune with the attribultes of Sikh Nam, Wahaguru. Baba ji practised the sikh way life by honest living and high thinking. His devoted life blessed him spiritual upliftment and filled him with missionary Zeal. As Baba ji and his followers preached this practical faith with intense enthusiasm, therefore, the ordinary people gave them particular honour and declared them as Namdhari movement.

Baba ji was a man of God. Sikh scriptures describe the true sikh as one who worships Wahaguru (The wonderful God) himself and makes others

Sri Satguru Jagjit Singh Ji Elibrary NamdhariElibrary@gmail com

worship too. Guru ji himself seeks the Charan Dhoor (dust of shoes) of such Gursikh. Baba ji was a man of God and Guru in the real sense. During his military service, when he met Baba Balak Singh of Hazro, he also inspired him to do this missionary service. Baba ji's missionary services transformed into a revolutionary Namdhari movement.

Political Degradation also Inspired Baba ji. Soon after the death of Maharaja Ranjit Singh in 1839 A.D, there was disturbance throughout the sikh Kingdom. The Khalsa army was defected owing to deceitful activities of Dogra ministers. Khalsa Kingdom became the part of British Empire within ten years. Army Generals and soldiers returned to their homes as political power came to an end. Baba Ram Singh who had been serving in the regiment of Kanwar Naunahal Singh since 1837 A.D, returned to his village and started his missionary work to infuse the high spirit in Sikh Community. This missionary organisation ended in as Namdhari Sect.

Need of the Hour The English missionaries began to preach Christianity after the end of Sikh Kingdom. A number of punjabis embraced Christian Faith under various temptations. Many sikh families also fell prey to mental slavery. They indulged in various Hindu rituals and superstions. They started to adore visible so-called gods instead of one Supreme Lord. Visulising the degradation in sikh way of life, Baba ji started to preach the sikh traditions. To maintains one's belief in God and Gurbani, to celebrate the marriages according to sikh rites, to lead pious life after baptism, to keep five symbols, to live simple life and use national materials, to decide social differences on Panchayti basis, were his main teachings. How strict Baba ji was in Sikh traditions can be clarified by the following examples. :-

Once Baba ji was on his missionary tour to Sri Anandpur. Two bards began to sing a punjabi folk song. Baba ji instructed not to sing false songs instead of pure Gurbani.

Once as the missionary group reached Otala village to preach the sikh mission. The so called high cast Brahmins threw some Tabacco in the vill-

Sri Satguru Jagjit Singh Ji Elibrary NamdhariElibrary@gmail.com

age well. Baba is ordered to bring the water from neighbouring village and continue their preaching.

Namdhari Movement aimed to free India. Though, The British Govt. supressed the Namdhari movement with the help of traitors and got Thousands of Namdharis killed, yet main purposes of Namdhari movement was to free India, by awakening the public. Baba ji got the Namdhari followers enlisted in the army of neighbouring countries to achieve this aim. This fact can be proved vide letter of I.G. of police Punjab dated January 30, 1871. "Last years political activities of Namdharis prove this fact that they are getting enlisted in the army of Indian states and abroad, with the conditions that their religions leader can utilise for political purposes." The goal of Namdhari movement was to enrich the Indian public with sikh traditions and thereby to free India. Later on, a number of movements came into existance resulting in the freedom of India in 1947 A.D.

Sri Satguru Jagjit Singh Ji Elibrary NamdhariElibrary@gmail.com

ਦਸਤਾਰ ਕਿਉਂ ਸਜਾਈਏ ?

ਸਾਡੇ ਤੋਂ ਸਵਾਲ ਪੁਛਿਆ ਜਾਂਦਾ ਹੈ ਕਿ ਅਸੀਂ ਦਸਤਾਰ ਕਿਉਂ ਸਜਾਉਂਦੇ ਹਾਂ। ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘ ਹਾਂ ਜੋ ਸੰਤ ਵੀ ਹਾਂ, ਸਿਪਾਹੀ ਵੀ ਹਾਂ। ਅਧਿਆਤਮਵਾਦੀ ਵੀ ਹਾਂ, ਪਦਾਰਥਵਾਦੀ ਵੀ ਹਾਂ, ਕਿਰਪਾਨ, ਕੰਘਾ, ਕੜਾ, ਕਛਹਿਰਾ ਜਿਥੇ ਸਾਡੀ ਰਹਿਤ ਦਾ ਅੰਗ ਹਨ, ਉਥੇ ਨਾਲ ਹੀ ਪੂਰੇ ਕੇਸਾਂ ਦੇ ਨਾਲ (ਪਗੜੀ) ਦਸਤਾਰ ਬੰਨਣੀ, ਸਾਡੀ ਸਖਸ਼ੀਅਤ ਦਾ ਜਰੂਰੀ ਹਿੱਸਾ ਹਨ। ਸੰਤ ਸਿਪਾਹੀ ਹੋਣ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਕਵੀ ਭਾਈ ਨੰਦ ਲਾਲ ਜੀ ਦਾ ਸਾਡੇ ਲਈ ਸੁਝਾਉ ਹੈ।

"ਕੰਘਾ ਦੋਨੋਂ ਵਕਤ ਕਰ, ਪਾਗ ਚੁਨੈ ਕਰ ਬਾਂਧਈ ॥"

ਸਾਡਾ ਸੁਹਣਾ ਸਰੀਰ ਕੁਦਰਤ ਦੀ ਦਾਤ ਹੈ। ਸੁਹਣੇ ਲੰਬੇ ਕੇਸ ਸਰੀਰ ਦਾ ਅੰਗ ਹਨ। ਰੱਬ ਦੀ ਇਸ ਦਾਤ ਨੂੰ ਦਸਤਾਰ ਨਾਲ ਅਸੀਂ ਸਾਂਭ ਸਾਂਭ ਰਖਦੇ ਹਾਂ।

ਹਰ ਮਨੁੱਖ ਆਤਮਦਰਸ਼ੀ ਪਸ਼ੂ ਹੈ। ਸੋਚ ਵਿਚਾਰ ਦੀ ਸ਼ਕਤੀ ਇਸ ਪਸ਼ੂ ਨੂੰ ਸਭ ਤੋਂ ਵੱਧ ਦਿਤੀ ਹੋਈ ਹੈ। ਸੋਚ ਵਿਚਾਰ ਦਾ ਕੇਂਦਰ ਸਾਡਾ ਸੀਸ ਹੈ, ਜਿਸ ਉਤੇ ਵਾਹਿਗੁਰੂ ਜੀ ਨੇ ਸਭ ਤੋਂ ਲੰਬੇ ਕੇਸ਼ ਦਿਤੇ ਹੋਏ ਹਨ : ਇਨਾਂ ਨੂੰ ਦਸਤਾਰ ਨਾਲ ਸਾਂਭਣਾ ਮਨੁਖੀ ਲੋੜ ਹੈ।

ਸਾਡੇ ਪੂਜਣਯੋਗ ਸਤਿਗੁਰੂ, ਗੁਰੂ ਗਰੰਥ ਸਾਹਿਬ ਜੀ ਦਾ ਹੁਕਮ ਹੈ-- "ਸਾਬਤ ਸੂਰਤ ਦਸਤਾਰ ਸਿਰਾ" ਭਾਵ ਪੂਰੇ ਕੇਸਾਂ ਨਾਲ ਦਸਤਾਰ ਸਜਾਇਆਂ ਹੀ ਸਾਡੀ ਸਖਸ਼ੀਅਤ ਸੰਪੂਰਨ ਹੁੰਦੀ ਹੈ। ਪੂਰਨ ਸ਼ਖਸ਼ੀਅਤ ਲਈ ਅਸੀਂ ਦਸਤਾਰ ਜ਼ਰੂਰ ਸਜਾਉਂਦੇ ਹਾਂ।

ਅਸੀਂ ਸਾਰੇ ਜਾਣਦੇ ਹਾਂ ਕਿ ਮਨੁੱਖ ਸਾਰੀ ਸ੍ਰਿਸ਼ਟੀ ਦਾ ਪ੍ਰਮੁਖ ਜੀਵ ਹੈ। ਜੇ ਅਸੀਂ ਚੁਰਾਸੀ ਲੱਖ ਜੂਨੀਆਂ ਵਿਚ ਪ੍ਰਮੁੱਖ ਜੀਵ ਹਾਂ, ਤਾਂ ਸਾਨੂੰ ਸਿਰ ਉਤੇ ਦਸਤਾਰ ਰੂਪੀ ਤਾਜ ਰਖਣਾ ਹੀ ਚਾਹੀਦਾ ਹੈ। ਸਾਡੇ ਗੁਰੂ ਜੀ ਸੀਸ ਉਤੇ ਦਸਤਾਰ ਸਜਾਉਂਦੇ ਸਨ ਅਤੇ ਉਨ੍ਹਾਂ ਆਪਣੇ ਸਿੱਖਾਂ ਨੂੰ ਵੀ ਆਪਣੇ ਜਿਹਾ ਹੀ ਬਣਾਇਆ। ਸਿੱਖੀ ਸਰੂਪ ਵਿਚ, ਅਸੀਂ ਸਾਰੀ ਮਨੁੱਖਤਾ ਨੂੰ ਧਰਤੀ ਦੇ ਸਰਦਾਰ ਬਣਨ ਦਾ ਸੰਦੇਸ਼ ਦੇਂਦੇ ਹਾਂ।

ਸਭ ਧਰਮਾਂ ਦੀ ਪ੍ਰੋਹਤ ਸ਼੍ਰੇਣੀ ਆਪਣੇ ਸਿਰਾਂ ਉਤੇ ਪਗੜੀ ਰਖਦੀ ਹੈ। ਅਸੀਂ, ਸਿੱਖ ਭਾਈਚਾਰਾ, ਰੱਬ ਦੀ ਬਣਾਈ ਇਸ ਧਰਤੀ ਉਤੇ ਸਵਰਗੀ ਰਾਜ ਅਤੇ ਪਵਿਤ੍ਰਤਾ ਦੀ ਜੀਉਂਦੀ ਜਾਗਦੀ ਮੂਰਤ ਹਾਂ।

Sri Satguru Jagjit Singh Ji Elibrary NamdhariElibrary@gmail.com

ਕਿਸੇ ਵੀ ਜਾਤ ਜਾਂ ਵਿਸ਼ਵਾਸ਼ ਦਾ ਮਨੁੱਖ ਕਾਲਾ ਹੋਵੇ ਜਾਂ ਗੋਰਾ, ਅਮੀਰ ਹੋਵੇ ਚਾਹੇ ਗਰੀਬ, ਪੂਰੇ ਕੇਸ ਰਖਕੇ ਜਦੋਂ ਪਗੜੀ ਬੰਨਦਾ ਹੈ ਤਾਂ ਸਰਦਾਰ ਜਾਪਦਾ ਹੈ। ਇਹ ਕੇਸਾਂ ਸਹਿਤ ਦਸਤਾਰ ਵਾਲੀ ਉੱਚੀ ਸਖਸ਼ੀਅਤ, ਉਸ ਮਨੁੱਖ ਲਈ ਅਤੇ ਸਾਰੀ ਮਨੁੱਖਤਾ ਲਈ ਆਪਣੇ ਆਪ ਵਿਚ ਇਕ ਤੋਹਫਾ ਹੈ।

ਸਾਡੀ ਦਸਤਾਰ ਵਾਲੀ ਸਖਸ਼ੀਅਤ ਜੁਆਨੀ ਅਤੇ ਤਾਕਤ, ਇਨਸਾਫ ਅਤੇ ਦਇਆ, ਵਿਸ਼ਵਾਸ਼ ਅਤੇ ਧਰਮ ਦੀ ਪ੍ਰਤਖ ਮੂਰਤ ਹੈ। ਅਜਿਹੀ ਖਾਲਸਈ ਸ਼ਖਸ਼ੀਅਤ ਸੰਬੰਧੀ ਗੁਰੂ ਜੀ ਨੇ ਕਿਹਾ ਹੈ।

ਖਾਲਸਾ ਮੇਰੋ ਰੂਪ ਹੈ ਖਾਸ ॥ ਖਾਲਸੇ ਮਹਿ ਹਉਂ ਕਰਉਂ ਨਿਵਾਸ ॥

ਇਹ ਸੋਹਣੀ ਦਸਤਾਰ ਸਾਨੂੰ ਸਰਦੀਆਂ ਵਿਚ ਗਰਮਾਇਸ਼ ਦੇਂਦੀ ਹੈ ਅਤੇ ਗਰਮੀਆਂ ਵਿਚ ਠੰਢਕ ਪਰਦਾਨ ਕਰਦੀ ਹੈ। ਕਿਸੇ ਦੁਰਘਟਨਾ ਤੋਂ ਬਚਾਉਣ ਲਈ ਕਿਸੇ ਹੱਦ ਤਕ ਸਾਡੀ ਸਹਾਇਤਾ ਕਰਦੀ ਹੈ। ਏਸੇ ਲਈ ਬ੍ਰਿਟਿਸ਼ ਸਰਕਾਰ ਨੇ ਦਸਤਾਰ ਬੰਨਣ ਵਾਲੇ ਸਿੱਖਾਂ ਨੂੰ ਮੋਟਰ ਸਾਈਕਲ ਕਰੈਸ਼ ਹੈਲਮਿਟਸ ਤੋਂ ਛੋਟ ਦੇ ਦਿਤੀ ਹੈ। ਲੰਦਨ ਦੇ ਹਾਊਸ ਔਫ ਲਾਰਡਜ਼ ਨੇ ੨੪ ਮਾਰਚ ੧੯੮੩ ਨੂੰ ਇਕ ਇਤਿਹਾਸਕ ਫੈਸਲਾ ਸੁਣਾਉਂਦਿਆਂ ਕਿਹਾ, "ਸਿਖ ਇਕ ਵਖਰੀ ਕੌਮ ਹੈ ਅਤੇ ਕੇਸ਼ਾਂ ਸਹਿਤ ਦਸਤਾਰ ਸਜਾਉਣਾ ਇਨ੍ਹਾਂ ਦੀ ਸ਼ਖਸ਼ੀਅਤ ਦਾ ਜ਼ਰੂਰੀ ਅੰਗ ਹੈ।

ਦਸਤਾਰ ਸਜਾਉਣ ਨਾਲ ਸਾਡੇ ਦਿਲੀ ਜਜ਼ਬਿਆਂ ਦਾ ਵੀ ਸੰਬੰਧ ਹੈ ਕਿਉਂਕਿ ਸਾਡੇ ਵੱਡੇ ਵਡੇਰਿਆਂ ਨੇ ਦਸਤਾਰ ਦੀ ਸ਼ਾਨ ਲਈ ਕੁਰਬਾਨੀਆਂ ਦਿਤੀਆਂ ਹਨ। ਵੀਹਵੀਂ ਸਦੀ ਦੇ ਆਰੰਭ ਵਿਚ ਭਾਰਤ ਆਜ਼ਾਦ ਕਰਾਉਣ ਲਈ ਜਦੋਂ ਪੰਜਾਬੀਆਂ ਨੇ ਅਮਰੀਕਾ ਵਿਚ ਗਦਰ ਲਹਿਰ ਚਲਾਈ ਤਾਂ ਇਹ ਗੀਤ ਆਮ ਪੜ੍ਹਿਆ ਜਾਂਦਾ ਸੀ।

ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ॥

ਸਿੱਖ ਧਰਮ ਵਿਚ ਜਦੋਂ ਕਿਸੇ ਨੂੰ ਵਿਸ਼ੇਸ਼ ਸੇਵਾ ਲਈ ਸਤਿਕਾਰਿਆ ਜਾਂਦਾ ਹੈ ਜਾਂ ਕੋਈ ਜ਼ਿੰਮੇਵਾਰੀ ਦਿਤੀ ਜਾਂਦੀ ਹੈ ਤਾਂ ਉਚੀ ਆਨ ਸ਼ਾਨ ਦੀ ਨਿਸ਼ਾਨੀ ਵਜੋਂ (ਸਿਰੋਪਾ) ਦਸਤਾਰ ਹੀ ਦਿਤੀ ਜਾਂਦੀ ਹੈ।

ਅਖੀਰ ਵਿਚ ਸਾਨੂੰ ਗਿਆਨ ਹੈ ਕਿ ਜਦ ਇਹ ਧਰਤੀ ਰੱਬ ਦੀ ਬਣਾਈ ਹੋਈ ਧਰਮਸਾਲ ਹੈ ਅਤੇ ਇਹ ਦੋ ਲੱਤਾਂ ਵਾਲਾ ਮਨੁੱਖ ਇਸ ਧਰਤੀ ਦਾ ਸਿਰਤਾਜ ਹੈ, ਬਾਦਸ਼ਾਹ ਹੈ ਤਾਂ ਬਾਦਸ਼ਾਹ ਤਾਜ ਤੋਂ ਬਿਨਾ ਸੁਭਾਇਮਾਨ ਹੋ ਹੀ ਕਿਵੇਂ ਸਕਦਾ ਹੈ। ਅਸੀਂ, ਅਕਾਲ ਪੁਰਖ ਦਾ ਖਾਲਸਾ, ਸੱਚੀ ਧਰਮਸਾਲ ਦੇ ਬਾਦਸ਼ਾਹ, ਆਪਣੇ ਤਾਜ ਦਸਤਾਰ ਨਾਲ ਹੀ ਸੋਭ ਸਕਦੇ ਹਾਂ।

Sri Satguru Jagjit Singh Ji Elibrary NamdhariElibrary@gmail.com

Why to Tie A Turban ?

It is often asked why we tie our turban? As, we are the saint-soldier of Guru Gobind Singh ji, therefore we are the spiritulistic as well as materialistic. Sword, Comb, iron bangle, underwear along with full hair and turban are essential for our personality. Bahi Nand Lal, poet of Guru ji's court, has suggested to comb the hair two times and tie turban properly

Our handsome body is the gift of Nature. Unshorn hair are the part and parcel of our body which we cover with turban.

Man is said to be a spiritual being which has been bestowed upon by God with highest thinking power. The head as a part of the body in which is set the brain and that head has been protected by longest hair. Our turban is needed to protect the hair.

Our revered Guru Granth Sahib has ordained to maintain full hair having turban on for the completion of personality. We obey it.

Human beings are known as the crown of the creation. If so, we must keep our turban as the sign of crown. Our Gurus tied the turbans on their heads and we decorate ourselves accordingly. We are the living messengers of Sikhism on this earth.

The priest class of all religions give due respect to the turban. We, the sikhs, are the living symbol of piety and heavenly kingdom on this Earth.

A human being, belonging to any cast or creed, may be black or white rich or poor, keeping full hair and wearing a turban on his head, looks a Sardar. This excellent personality with turban on, is a gift for humanity.

Our personality with turban on is a visible picture of youth and strength, justice and compassion, faith and confidence. Guru ji has said, 'Khalsa is my particular form and such a person represents me.'

Sri Satguru Jagjit Singh Ji Elibrary NamdhariElibrary@gmail.com

This good turban provides us heat in winter and coolness in summer. thereby, minimising the chances of an accident. That is why, the British Government exempted the sikhs from wearing Motor-Cycle helmets. On March 24, 1983, The House of Lords in London declared the sikh as a distinct Nation with full hair and turban on.

We have some spiritual love for our turban as our forefathers did great sacrifices for this turban. When the Punjabi sikhs started a freedom movement in America, they used to sing this song "Take care of your Turbon, O man.

According to Sikh Traditions, Saropa or Dastar is given to person by a religious authority, whom they want to honour.

If we recognize the man as the king of the creation; then, how a king can remain without his crown. We must keep our crown (Turbon) on our head.

Sri Satguru Jagjit Singh Ji Elibrary NamdhariElibrary@gmail com

ਭਗਤ ਰਵਿਦਾਸ ਜੀ ਦੀ ਸਿਖਿਆ

ਗੁਰੂ ਗ੍ਰੰਥ ਸਾਹਿਬ ਵਿਚ ੩੬ ਮਹਾਪੁਰਸ਼ਾਂ ਦੀ ਬਾਣੀ ਦਰਜ ਹੈ, ਜਿਨ੍ਹਾਂ ਵਿਚੋਂ ਛੇ ਗੁਰੂ ਸਾਹਿਬਾਨ ਅਤੇ ਤੀਹ ਭਗਤ–ਜਨ ਹਨ। ਭਗਤਾਂ ਵਿਚੋਂ ਭਗਤ ਰਵਿਦਾਸ ਜੀ ਉੱਚਾ ਸਥਾਨ ਰਖਦੇ ਹਨ, ਜਿਨ੍ਹਾਂ ਦੇ ੪੦ ਸਬਦ ਦਰਜ ਹਨ। ਭਗ:ਤ ਜੀ ਨੇ ਆਪਣੀ ਬਾਣੀ ਵਿਚ ਕੈਸੀ ਸਿਖਿਆ ਦਿਤੀ, ਅਸਾਨੂੰ ਜਾਨਣ ਦੀ ਲੋੜ ਹੈ।

ਪ੍ਰਭੂ ਭਗ਼ਤੀ ਹੀ ਸ੍ਰਿਸ਼ਟ ਕਰਮ ਹੈ ॥

ਜੀਵਨ ਲੰਘਾਉਣ ਲਈ ਭਾਵੇਂ ਮਨੁੱਖ ਅਨੇਕਾਂ ਕਰਮ ਕਰਦਾ ਹੈ, ਪਰ ਨਿਤਾ–ਪ੍ਰਤੀ ਪ੍ਰਭੂ ਨੂੰ ਯਾਦ ਕਰਨਾ ਹੀ ਸ਼੍ਰੇਸ਼ਟ ਕਰਮ ਹੈ। ਦਾਨ ਕਰਨਾ, ਤੀਰਥ ਇਸ਼ਨਾਨ ਕਰਨਾ, ਧਰਮ ਮੰਦਰਾਂ ਵਿਚ ਜਾਣਾ, ਆਦਿਕ ਬਾਹਰਲੇ ਧਾਰਮਕ ਕਰਮ ਪ੍ਰਭੂ ਭਗਤੀ ਦੇ ਮਹੌਲ ਲਈ ਸਹਾਈ ਹੋ ਸਕਦੇ ਹਨ। ਪਰ ਨਿਤਾ–ਪ੍ਰਤੀ ਘਰ ਵਿਚ ਬੈਠ ਕੇ ਸਵੇਰੇ-ਸ਼ਾਮ ਨਾਮ ਸਿਮਰਨ ਕਰਨਾ ਅਤੀ ਜ਼ਰੂਰੀ ਹੈ। ਭਗਤੀ ਕੀਤਿਆਂ ਤਨ ਮਨ ਅਰੋਗ ਰਹਿੰਦਾ ਹੈ, ਪਰਵਾਰ ਵਿਚ ਪਿਆਰ ਵਧਦਾ ਹੈ, ਮਾਰੂ ਸ਼ਕਤੀਆਂ ਤੋਂ ਬਚਾਉ ਹੁੰਦਾ ਹੈ ਅਤੇ ਅਰਲੇ ਜੀਵਨ ਵਿਚ ਸੁਖ ਮਿਲਦਾ ਹੈ। ਏਸੇ ਲਈ ਨਾਮ ਸਿਮਰਨ ਦੇ ਲਾਭ ਦਸਦਿਆਂ ਭਗਤ ਜੀ ਕਹਿੰਦੇ ਹਨ......

ਰਵਿਦਾਸ ਜਪੈ ਰਾਮ ਨਾਮਾ ॥ ਮੋਹਿ ਜਮ ਸਿਉ ਨਾਹੀ ਕਾਮਾ ॥
ਕਾਇਮ ਦਾਇਮ ਸਦਾ ਪਾਤਸ਼ਾਹੀ ॥ ਦੋਮ ਨ ਸੋਮ ਏਕ ਸੋ ਆਹੀ ॥

ਸਬਰ ਵਿਚ ਹੀ ਸੁਖ ਮਿਲਦਾ ਹੈ ॥

ਸੰਸਾਰ ਦੇ ਬਹੁਤੇ ਲੋਕ ਸੁਖ ਪ੍ਰਾਪਤੀ ਲਈ ਮਾਲ ਧਨ ਹੀ ਇਕੱਠਾ ਕਰਦੇ ਰਹਿੰਦੇ ਹਨ। ਏਸ ਇੱਛਾ ਅਧੀਨ ਝੂਠੇ ਤੇ ਥੋੜ੍ਹ-ਚਿਰੇ ਸੁਖਾਂ ਪਿਛੇ ਭੌਂਦੇ ਰਹਿੰਦੇ ਹਨ। ਭਗਤ ਜੀ ਦਾ ਸੁਨੇਹਾ ਹੈ ਕਿ ਧਨ ਕਮਾ ਕੇ ਸੰਸਾਰਕ ਸੁਖ ਜ਼ਰੂਰ ਲਿਆ ਜਾਵੇ, ਪਰ ਸਬਰ ਵਿਚ ਰਹਿਕੇ ਪ੍ਰਭੂ ਭਗਤੀ ਵਿਚ ਜੀਵਨ ਬਿਤਾਇਆ ਜਾਵੇ। ਭਗ਼ਤ ਰਵਿਦਾਸ ਜੀ ਜੁਤੀਆਂ ਬਣਾਉਣ ਦੀ ਕ੍ਰਿਤ ਰਾਹੀਂ ਪਰਵਾਰ ਪਾਲਦੇ ਸਨ, ਲੋੜਵੰਦਾਂ ਦੀ ਸੇਵਾ ਕਰਦੇ ਸਨ, ਪਰ ਲਾਲਚ ਤੋਂ ਉਚੇ ਰਹਿਕੇ, ਸਵਾਸ-ਸਵਾਸ ਰੱਬ ਨੂੰ ਯਾਦ ਕਰਕੇ ਸੱਚਾ ਆਨੰਦ ਮਾਣਦੇ ਸਨ। ਏਸੇ ਲਈ ਇਕ ਅਮੀਰ ਆਦਮੀ ਨੇ ਭਗਤ ਜੀ ਨੂੰ ਜਦੋਂ ਇਕ ਵੱਡਾ ਮਕਾਨ ਦਾਨ ਕੀਤਾ ਤਾਂ ਉਨ੍ਹਾਂ ਉਸ ਨੂੰ ਲੋਕਾਂ ਲਈ ਧਰਮਸਾਲ ਬਣਾ ਦਿਤਾ। ਇਕ ਸਾਧੂ ਨੇ ਸੋਨਾ ਬਣਾਉਣ ਦਾ ਤਰੀਕਾ ਦਸਿਆ ਤਾਂ ਭਗਤ ਜੀ ਨੇ,ਅਮੀਰ ਬਣਨਾ ਪਰਵਾਨ

Sri Satguru Jagjit Singh Ji Elibrary NamdhariElibrary@gmail.com

ਨਾਹ ਕੀਤਾ। ਆਪਣੀ ਸਬਰ ਵਾਲੀ ਉੱਚ ਅਵਸਥਾ ਵਲ ਇਸ਼ਾਰਾ ਕਰਦੇ ਭਗਤ ਜੀ ਲਿਖਦੇ ਹਨ :-

ਲੋਗੁ ਗੰਠਿ ਗੰਠਿ ਖਰਾ ਬਿਗੂਚਾ ॥ ਹਉਂ ਬਿਨ ਗਾਂਠੇ ਜਾਇ ਪਹੂੰਚਾ ॥

ਸੱਚੇ ਭਗਤ ਅਗੇ ਸਭ ਝੁਕਦੇ ਹਨ ॥

ਦੁਨੀਆਂ ਵਿਚ ਸੱਚੀ ਭਗਤੀ ਕਰਨ ਵਾਲੇ ਬੜੇ ਥੋੜੇ ਹਨ। ਆਪਣੇ ਆਪ ਨੂੰ ਭਗਤ ਕਹਾਉਣ ਵਾਲੇ ਭੀ ਬਹੁਤੇ ਲੋਕ ਦਿਖਾਵੇ ਦੀ ਭਗਤੀ ਕਰਦੇ ਹਨ। ਪਰ ਜੋ ਤਨੋ ਮਨੋ ਪਰਮੇਸ਼ਰ ਨੂੰ ਯਾਦ ਕਰਦੇ ਹਨ, ਉਨ੍ਹਾਂ ਅਗੇ ਸਾਰੇ ਨਿਵਦੇ ਹਨ।

ਭਗਤ ਰਵਿਦਾਸ ਜੀ ਸੱਚੇ ਭਗਤ ਸਨ। ਬਨਾਰਸ ਦੇ ਹੰਕਾਰੀ ਪੰਡਤ ਜੋ ਦਿਖਾਵੇ ਦੇ ਭਗਤ ਸਨ ਅਤੇ ਭਗਤ ਜੀ ਨੂੰ ਨੀਵੀਂ ਜਾਤ ਵਾਲਾ ਸਮਝਦੇ ਸਨ, ਭਗਤ ਜੀ ਦੀ ਸੱਚੀ ਸ਼ੋਭਾ ਪਸੰਦ ਨਹੀਂ ਕਰਦੇ ਸਨ। ਬਨਾਰਸ ਦਾ ਰਾਜਾ ਜਦੋਂ ਭਗਤ ਜੀ ਦਾ ਉਪਾਸ਼ਕ ਬਣ ਗਿਆ ਤਾਂ ਪੰਡਤ ਲੋਕ ਬੜੇ ਨਾਰਾਜ਼ ਹੋਏ। ਰਾਜੇ ਨੇ ਬਨਾਰਸ ਦੇ ਸਾਰੇ ਪੰਡਤਾਂ ਅਤੇ ਸਾਧੂਆਂ ਨੂੰ ਬ੍ਰਹਮ ਭੋਜ ਉਤੇ ਬੁਲਾਇਆ। ਪੰਡਤਾਂ ਨੇ ਸ਼ਰਤ ਰਖੀ ਕਿ ਜੇ ਭਗਤ ਰਵਿਦਾਸ ਜੀ ਸਾਡੇ ਬਰਾਬਰ ਬੈਠਣਗੇ ਤਾਂ ਅਸੀ ਭੋਜਨ ਨਹੀਂ ਕਰਾਂਗੇ। ਰਾਜੇ ਨੇ ਭਗਤ ਜੀ ਨੂੰ ਵਖਰੇ ਕਮਰੇ ਵਿਚ ਬੈਠਕੇ ਭੋਜਨ ਛਕਣ ਲਈ ਮਨਾ ਲਿਆ।

ਜਦ ਪੰਗਤਾਂ ਵਿਚ ਬੈਠੇ ਝੂਠੇ ਭਗਤ ਭੋਜਨ ਖਾ ਰਹੇ ਸਨ ਤਾਂ ਹਰ ਇਕ ਨੂੰ ਇਉਂ ਅਨੁਭਵ ਹੋਇਆ ਕਿ ਭਗਤ ਰਵਿਦਾਸ ਜੀ ਉਸ ਕੋਲ ਬੈਠੇ ਹੀ ਭੋਜਨ ਖਾ ਰਹੇ ਹਨ। ਸਭ ਪੰਡਤਾਂ ਨੇ ਆਪਣੀ ਗਲਤੀ ਸਵੀਕਾਰ ਕੀਤੀ ਅਤੇ ਨਾਲ ਬਿਠਾ ਕੇ ਪ੍ਰਸ਼ਾਦਾ ਛਕਾਇਆ। ਭਗਤ ਜੀ ਨੇ ਖਿਆਲ ਦਿਤਾ ਹੈ, ਕਿ ਮੈਂ ਭਾਵੇਂ ਜਾਤ ਦਾ ਚਮਾਰ ਹਾਂ, ਟੁੱਟੀਆਂ ਜੁਤੀਆਂ ਗੰਢਦਾ ਹਾਂ ਪਰ ਪ੍ਰਭੂ ਸ਼ਰਨ ਪੈ ਜਾਣ ਕਰਕੇ ਉੱਚਾ ਹੋ ਗਿਆ ਹਾਂ। ਏਸੇ ਲਈ ਉੱਚੀਆਂ ਜਾਤਾਂ ਵਾਲੇ ਲੋਕ ਮੇਰੇ ਅੱਗੇ ਝੁਕਦੇ ਹਨ।

ਮੇਰੀ ਜਾਤਿ ਕੁਟੰਬ ਬਾਂਢਲਾ ਢੋਰ ਢੋਵੰਤਾ, ਨਿਤਹਿ ਬਾਨਾਰਸੀ ਆਸ ਪਾਸਾ ॥
ਅਬ ਬਿਪ੍ਰ ਪ੍ਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸ ਦਾਸਾ ॥

ਹਮ-ਖਿਆਲ ਪਤੀ-ਪਤਨੀ ਰੱਬੀ ਪ੍ਰਸੰਨਤਾ ਲੈ ਸਕਦੇ ਹਨ।

ਧਾਰਮਕ ਦੁਨੀਆਂ ਵਿਚ ਪੁਰਾਣੇ ਲੋਕਾਂ ਦਾ ਖਿਆਲ ਹੈ ਕਿ ਹਰ ਪਤਨੀ ਆਪਣੇ ਪਤੀ ਨੂੰ ਪਰਮੇਸ਼ਵਰ ਸਮਝੇ। ਉਸ ਦੀ ਹਰ ਖੁਸ਼ੀ ਲਈ ਅਪਣੀ ਖੁਸ਼ੀ ਵਾਰ ਦੇਵੇ। ਪਰ ਭਗਤ ਰਵਿਦਾਸ ਜੀ ਨੇ ਖਿਆਲ ਦਿਤਾ ਹੈ ਕਿ ਪਰਮੇਸ਼ਰ ਹੀ ਸਾਰਿਆਂ ਦਾ ਅਸਲੀ ਪਤੀ ਹੈ। ਹਰ ਪਤੀ-ਪਤਨੀ ਨੇ ਹਮ ਖਿਆਲ ਹੋ ਕੇ, ਗੁਰੂ ਪਰਮੇਸਰ ਦੀ ਭਗਤੀ ਕਰਕੇ, ਪਰਮੇਸ਼ਰ ਪਤੀ ਦੀ ਪ੍ਰਸੰਨਤਾ ਲੈਣੀ ਹੈ। ਭਗਤ ਰਵਿਦਾਸ ਜੀ ਅਤੇ ਉਨ੍ਹਾਂ ਦੀ ਪਤਨੀ ਬੀਬੀ ਲੋਣਾ ਹਮ ਖਿਆਲ ਗ੍ਰਿਸਤੀ ਸਨ। ਹਰ ਦੁਖ

Sri Satguru Jagjit Singh Ji Elibrary NamdhariElibrary@gmail.com

ਸੁਖ ਵਿਚ ਇਕ ਦੂਜੇ ਦੇ ਸਾਥੀ ਸਨ । ਏਸੇ ਲਈ ਉਨ੍ਹਾਂ ਪ੍ਰਭੂ-ਪਤੀ ਦੇ ਦਰਸਨ ਕੀਤੇ ਜਿਸ ਦੀ ਗਵਾਹੀ ਗੁਰੂ ਅਰਜਨ ਦੇਵ ਨੇ ਭਰੀ ਹੈ ।

ਰਵਿਦਾਸੁ ਢੋਵੰਤਾ ਢੋਰ ਨੀਤਿ, ਤਿਨਿ ਤਿਆਗੀ ਮਾਇਆ ॥
ਪ੍ਰਗਟ ਹੋਆ ਸਾਧ ਸੰਗਿ, ਹਰਿ ਦਰਸ਼ਨ ਪਾਇਆ ॥

Teachings of Bhagat Ravi Dass ji

There is compilation of 36 Saints in Guru Granth Sahib, including six Gurus and 30 Bhagats. Bhagat Ravidass is one of the top most Bhagats, whose 40 Shabadas are included. It is worth-knowing what lessons Bhagat ji has given us.

1. **Worship of God is Important Job**. Religious persons do lot of things in their daily life, like giving of alms, visiting religious places, attending holy congregations, taking bath in holy tanks. All these actions are helpful in creating religious atmosphere, but it is essential in daily sitting to meditate upon God. By doing so, we keep good health, happy at mospher at home, safty against evil forces and blessful life in the next world also.

2 **Happiness lies in Contentment.** Most of the people accumulate wordly materials for happy life. They hanker after temporary pleasures. Bhgat ji says that wordly happiness and spiritual ecstasy should go hand in hand daily life. Bhagat Ravidass earned their livilihood for his family by working as shoe-maker, but with contented life, he remembered his God day and night. When a rich person offered a big house to live in, Bhagat ji transformed it into a place of worship and public use When a sadhu suggested a method to make gold from iron, Bhagat ji did not accept it. Bhagat Ravidass ji has written in his message The people lead miserable life while collecting lot of money, but I am enjoying blissfull life without any money.

3. **Every body bows before Real devotee.** We know that real worshiper of God are very few where as Ravidass was a true worshipper of God. Bogus. Pandits, (the so called high caste) did not like the respect ful

Sri Satguru Jagjit Singh Ji Elibrary NamdhariElibrary@gmail.com

position of Bhagat ji due to his low cast. The Raja of Banaras became the devotee of Bhagat ji. The so-called pandits did not like his measure. When the Raja arranged a Braham Bhoj for all religious people, the Pandits agreed to attend the langer with a condition that Bhagat Ravi Dass should not sit with them The Raja convinced the Bhagat ji to take food in a separate room. When all people were taking food sitting in lines, everybody felt the presence of Bhagat ji. All the so-called religious people accept their wrong notion and considered Bhagat ji as the true devotee of God. Bhagat ji gave an idea that I am Chamaar (a low cast man) by caste and repair the shoes, but on account of constant meditation, I have attained the highest position, i.e. why even high caste people are giving me full respect.

4. **Husband and wife having Similar thoughts can attain Godly bliss.** Religious oxthodox people are of the opinion that every wife should consider and respect her husband as God. She should sacrifice her all desires for his pleasures. But Bhagat Ravidass ji has given this idea that every man and woman should consider God as their eternal husband. The similarity of social, mental and spiritual thoughts in a couple can enable them to attain enlightment. Bhagat Ravidass ji and his wife Bibi Launa were couple of above type. They were one during their ups and downs of life. Therefore, they viaulised the heavenly bliss and were declared the fortunate couple.

Sri Satguru Jagjit Singh Ji Elibrary NamdhariElibrary@gmail.com

ਮਾਤਾ ਅਸੀਸ ਕੈਸੀ ਦੇਵੇ ?

ਹਰ ਮਾਤਾ ਚਾਹੁੰਦੀ ਹੈ, ਮੇਰਾ ਪੁਤਰ ਵੱਡਾ ਹੋਵੇ, ਲਾਇਕ ਹੋਵੇ, ਵਿਸ਼ਵ ਸ਼ਹਿਰੀ ਹੋਵੇ। ਹਰ ਮਾਤਾ ਸੋਚਦੀ ਹੈ ਮੇਰਾ ਪੁਤਰ ਸ੍ਵੈਪਾਲਕ ਹੋਵੇ, ਪਰਵਾਰ ਪਾਲਕ ਹੋਵੇ, ਕੌਮ ਪਾਲਕ ਹੋਵੇ। ਹਰ ਮਾਤਾ ਚਿਤਵਦੀ ਹੈ- ਮੇਰਾ ਲਾਲ ਸਦ ਅਰੋਗ ਹੋਵ, ਸੁਹਣਾ ਸੁਨੱਖਾ ਹੋਵੇ, ਰੋਸ਼ਨ ਦਿਮਾਗ਼ ਹੋਵੇ। ਪਰ ਇਹ ਚਿਤਵਣੀ ਤਾਂ ਹੀ ਫਲਦੀ ਹੈ ਜੇ ਜਨਮ ਤੋਂ ਬਾਲਗ ਹੋਣ ਤਕ, ਬੱਚੇ ਦੀ ਪਾਲ-ਪੋਸ ਸੁਚੱਜੀ ਹੋਵੇ।

ਬਾਲ ਮਨੋ-ਵਿਗਿਆਨੀਆਂ ਦਾ ਸਿਧਾਂਤ ਹੈ ਕਿ ਬੱਚੇ ਦੇ ਪਹਿਲੇ ਛੇ ਸਾਲ, ਖਾਸ ਮਹੱਤਤਾ ਰਖਦੇ ਹਨ। ਜਦੋਂ ਬਹੁਤਾ ਸਮਾਂ ਮਾਤਾ ਦੀ ਸੰਗਤ ਵਿਚ ਬੀਤਦਾ ਹੈ, ਜਾਣੇ-ਅਨਜਾਣੇ ਮਾਤਾ ਦੀ ਹਰ ਕ੍ਰਿਆ ਬਾਲ ਦੀ ਸੋਚ-ਪ੍ਰਣਾਲੀ ਨੂੰ ਪ੍ਰਭਾਵਤ ਕਰਦੀ ਹੈ। ਅਧਿਆਤਮ-ਵਾਦੀਆਂ ਦਾ ਵੀ ਖਿਆਲ ਹੈ ਕਿ ਮਾਤਾ ਵਲੋਂ ਦਿਤੇ ਹੋਏ ਉਸਾਰੂ ਖਿਆਲ ਬੱਚੇ ਦੀ ਸ਼ਖਸੀਅਤ ਦਾ ਮੁੱਢ ਬੰਨਦੇ ਹਨ।

ਗੁਰੂ ਅਰਜਨ ਦੇਵ ਜੀ ਦੇ ਵਿਚਾਰਾਂ ਰਾਹੀਂ ਮਾਤਾ ਰੂਪ ਵਿਚ ਅਸਾਂ ਐਸੀ ਵਡਮੁਲੀ ਅਸੀਸ ਦੇਣੀ ਹੈ ਕਿ ਹਰ ਬੱਚੇ ਦਾ ਲੋਕ-ਪ੍ਰਲੋਕ ਸੁਖੀ ਹੋਵੇ।

ਅਸੀਸ ਦੇਂਦੀ ਹੋਈ ਮਾਤਾ ਕਹੇ, ਮੇਰੇ ਪੁੱਤਰ ! ਤੂੰ ਵਾਹਿਗੁਰੂ ਵਾਹਿਗੁਰੂ ਜਪੇਂ, ਜੋ ਸਭ ਨੂੰ ਬਣਾਉਂਣ ਵਾਲਾ ਹੈ, ਜੋ ਸਭ ਨੂੰ ਜਿਵਾਉਣ ਵਾਲਾ ਹੈ, ਜੋ ਸਭ ਨੂੰ ਖੁਆਉਂਣ ਵਾਲਾ ਹੈ। ਤੂੰ ਪਰਮੇਸਰ ਨੂੰ ਯਾਦ ਕਰੇਂ, ਜੋ ਵਡ ਤੋਂ ਵੱਡਾ ਹੈ, ਨਿਰਭਉ ਨਿਰਵੈਰ ਹੈ, ਸਦਾ ਅੰਗ ਸੰਗ ਹੈ।

ਪਿਆਰ ਕਰਦੀ ਹੋਈ ਮਾਤਾ ਬੋਲੇ- ਮੇਰੇ ਲਾਲ ! ਸਤਿਗੁਰੂ ਤੇਰੇ ਉਤੇ ਦਇਆਲੂ ਰਹੇ, ਜਿਸ ਦੀ ਸੰਗਤ ਨਾਲ ਨਾਮ ਭਜਨ ਮਿਲਦਾ ਹੈ, ਜਿਸ ਦੀ ਕ੍ਰਿਪਾ ਨਾਲ ਅੰਮ੍ਰਿਤ ਰਸ ਮਿਲਦਾ ਹੈ, ਜਿਸ ਦੀ ਦ੍ਰਿਸ਼ਟੀ ਨਾਲ ਅੰਮ੍ਰਿਤ ਜੀਵਨ ਮਿਲਦਾ ਹੈ। ਸਤਿਗੁਰੂ ਤੇਰੇ ਉਤੇ ਕ੍ਰਿਪਾਲੂ ਰਹੇ, ਜਿਸਦੀ ਬਾਣੀ ਵਿਚੋਂ ਰਸ ਮਿਲਦਾ ਹੈ, ਜਿਸ ਦੀ ਕਰਣੀ ਵਿਚੋਂ ਤੱਤ ਮਿਲਦਾ ਹੈ, ਜਿਸ ਦੀ ਸਿਖਿਆ ਵਿਚੋਂ ਬੱਲ ਮਿਲਦਾ ਹੈ।

ਪੰਘੂੜਾ ਹਲਾਉਂਦੀ ਹੋਈ ਮਾਤਾ ਗਾਵੇ, ਮੇਰੇ ਜਿਗਰ ! ਸੱਚੀ ਸੰਗਤ ਨਾਲ ਤੇਰੀ ਪ੍ਰੀਤ ਬਣੇ, ਜਿਥੇ ਬੈਠਿਆਂ ਸੋਭਾ ਮਿਲਦੀ ਹੈ, ਜਿਥੇ ਸੁਣਿਆਂ ਹਿੰਮਤ ਮਿਲਦੀ ਹੈ, ਜਿਥੇ ਮੰਨਿਆ ਦ੍ਰਿੜਤਾ

Sri Satguru Jagjit Singh Ji Elibrary NamdhariElibrary@gmail.com

ਮਿਲਦੀ ਹੈ । ਸਤਿਸੰਗਤ ਨਾਲ ਪ੍ਰੇਮ ਪਵੇ, ਜਿਥੇ ਸੁਣਿਆਂ ਗਿਆਨ ਮਿਲਦਾ ਹੈ. ਜਿਥੇ ਮੰਨਿਆਂ ਧਿਆਨ ਮਿਲਦਾ ਹੈ, ਜਿਥੇ ਗੁੜ੍ਹਿਆ ਆਰਾਮ ਮਿਲਦਾ ਹੈ ।

ਲਾਡ ਲਡਾਉ ਦੀ ਹੋਈ ਮਾਤਾ ਗੁਣ ਗੁਣਾਵੇ, ਮੇਰੇ ਬੇਟੇ । ਜਿਉ ਜਿਉਂ ਤੂੰ ਵੱਡਾ ਹੋਵੇਂ, ਮਿਠਾਸ ਨਾਲ ਭਰੇਂ, ਨਿਮ੍ਰਤਾ ਨਾਲ ਭਰੇਂ, ਸ਼ੁਕਰਾਨੇ ਨਾਲ ਭਰੇਂ । ਤੂੰ ਚਿਰੰਜੀਵ ਰਹਿੰਦਾ ਹੋਇਆ ਭਗਤੀ ਵਿਚ ਆਵੇਂ, ਸ਼ਕਤੀ ਵਿਚ ਆਵੇਂ, ਮੰਸਤੀ ਵਿਚ ਆਵੇਂ ।

ਅਤੇ ਇਹ ਸ਼ਬਦ ਪੜ੍ਹਦੀ ਹੋਈ ਅਸੀਸ ਪੂਰੀ ਕਰੇ ....

ਗੁਜਰੀ ਮਹਲਾ ੫

ਜਿਸੁ ਸਿਮਰਤ ਸਭਿ ਕਿਲਵਿਖ ਨਾਸਹਿ, ਪਿਤਰੀ ਹੋਇ ਉਧਾਰੋ ॥
ਸੋ ਹਰਿ ਹਰਿ ਤੁਮ੍ ਸਦ ਹੀ ਜਾਪਹੁ, ਜਾਕਾ ਅੰਤੁ ਨ ਪਾਰੋ ॥੧॥
ਪੂਤਾ ਮਾਤਾ ਕੀ ਆਸੀਸ ॥੧॥
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ, ਸਦਾ ਭਜਹੁ ਜਗਦੀਸ ॥੧॥ ਰਹਾਉ ॥
ਸਤਿਗੁਰੂ ਤੁਮ ਕਉ ਹੋਇ ਦਇਆਲਾ, ਸੰਤਸੰਗਿ ਤੇਰੀ ਪ੍ਰੀਤਿ ॥
ਕਾਪੜੁ ਪਤਿ ਪਰਮੇਸਰੁ ਰਾਖੀ, ਭੋਜਨੁ ਕੀਰਤਨੁ ਨੀਤਿ ॥੨॥
ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ ।
ਰੰਗ ਤਮਾਸਾ ਪੂਰਨ ਆਸਾ, ਕਬਹਿ ਨ ਬਿਆਪੈ ਚਿੰਤਾ ॥੩॥
ਭਵਰੁ ਤੁਮ੍ਾਰਾ ਇਹੁ ਮਨੁ ਹੋਵਉ, ਹਰਿ ਚਰਣਾ ਹੋਹੁ ਕਉਲਾ ॥
ਨਾਨਕ ਦਾਸੁ ਉਨ ਸੰਗਿ ਲਪਟਾਇਓ, ਜਿਉ ਬੂੰਦਹਿ ਚਾਤ੍ਰਿਕੁ ਮਉਲਾ ॥

What Mother's Blessings should be ?

Every Mother wishes her son to grow as a wise international citizen. She wants her son to be the supporter of his family and nation. Every Mother urges her son to be healthy, handsome and intellectual one. But this wish can become fruitful if the bringing up is done well from the very birth.

The child psychologists are of the opinion that the first six years of the child enjoys the company of his mother. Mother's every action and thought has influence on the child. The spiritualists are also of this view that mother's uplifting thoughts strengthen the foundation of child's personality.

Sri Satguru Jagjit Singh Ji Elibrary NamdhariElibrary@gmail.com

What Mother's Blessing Should Be ?

Every mother wishes her son to grow as a wise international citizen. She wants her son to be the supporter of his family and nation. Every mother urges her son to be healthy, handsome and intellectual one. But this wish can become fruitful if the bringing up is done well from the very birth.

The child psychologists are of the opinion that the first six years of the child are of utmost importance when the child enjoys the company of his mother. Mother's every action and thought has influence on the child. The spiritualists are also of this view that mother's uplifting thoughts strengthen the foundation of child's personality.

According to Guru Arjan Dev's teachings, we should bless the child in such a way that he may lead a happy life in this and the next world.

While blessing, the mother says, my son you recite Waheguru Waheguru (The wonder full Lord) who is the sole creator, life giver and feeder of all. You remember the great Lord who is omnipresent and free of fear and enmity.

While loving her child the mother transmits her thoughts that Satguru merciful bestow you eternal life and food. May Satguru be kind to you whose sayings give you real knowledge and power.

While swinging, the mother sings, you get courage and respect, perseverance and concentration in the satsang. While kissing, the mother utters, my child, you imbibe with sweetness, humility and gratitude as you grow up. May you live long enjoying blissful life and reciting the following stanza she completes her blessing.

Gujri 5th Guru

By remembering whom all the sins are obliterated and the ancestors are saved._Ever meditate you on that Lord, who has no end.

O son, this is your mother's blessing. May you forget not the Lord of Universe. even for a moment: pause. May the True Guru, be kind to you and may your honour be preserved by Supreme Power and the singing of His praises be your daily food.

Ever quaff the Nectar of God's Name. May you live long and the meditation of God afford you endless delight. May joy and playful pleasures be yours; May your hopes be realised and may you never be worn by care. Let your mind become the bumble-bee and God's Feet be the lotus flower.

Says slave Nanak, attach your mind to Him and happily bloom like the pied-cuckoo on finding the rain drop.

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

GURU NANAK, THE GREATEST OF ALL

ਕੀ	ਕਿੱਥੇ
ਸਤਿਗੁਰੂ ਨਾਨਕ ਵੱਡੇ ਕਿਉਂ ? "Guru Nanak The Great" Why ?	੧
ਸਤਿਗੁਰੂ, ਗਰੀਬ ਨਿਵਾਜ ਕਿਉਂ ? "Protector of the Poor" Why ?	੬
'ਮੀਰੀ_ਪੀਰੀ' ਇਕੱਠੀ ਕਿਉਂ ? "Meeri-Peeri Combined" Why ?	੯
'ਗੁਰੂ ਤੇਗ ਬਹਾਦਰ ਹਿੰਦ ਦੀ ਚਾਦਰ' ਕਿਉਂ ? The Champion of Hindus-Why ?	੧੨
ਅੰਮ੍ਰਿਤ ਛੱਕਣਾ ਜ਼ਰੂਰੀ ਕਿਉਂ ? Baptism Is A Must-Why ?	੧੫
"ਸ਼ੇਰੇ ਪੰਜਾਬ" ਕਿਉਂ ? The Lion of the Punjab, Why ?	੧੯
ਨਾਮਧਾਰੀ ਲਹਿਰ ਕਿਉਂ ਚੱਲੀ ? Why Namdhari Movement Started ?	੨੪
ਦਸਤਾਰ ਕਿਉਂ ਸਜਾਈਏ ? Why To Tie A Turban ?	੩੦
ਭਗਤ ਰਵਿਦਾਸ ਜੀ ਦੀ ਸਿਖਿਆ Teachings of Bhagat Ravi Dass Ji	੩੪
ਮਾਤਾ ਅਸੀਸ ਕੈਸੀ ਦੇਵੇ ? What Mother's Blessing Should Be ?	੩੮

Printed at :-

Sant Bhai Malla Singh Printing Press Tilak Nagar New Delhi-110018 Ph. ; 504406

Sri Satguru Jagjit Singh Ji Elibrary NamdhariElibrary@gmail.com